ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

You Tube https://youtu.be/LQwolgxDu7I

awazeqaumtvpunjab@gmail.com

ਸ਼ੁੱਕਰਵਾਰ, 24 ਅਪ੍ਰੈਲ 2026 (ਨਾਨਕਸ਼ਾਹੀ ਸੰਮਤ : ੫੫੮, ੧੧ ਵੈਸਾਖ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111, +447976210161, +919729091243




## ਭਾਰਤੀਆਂ ਲਈ 'ਵੀਜ਼ਾ ਫਰੀ' ਹੋਇਆ ਫਰਾਂਸ !

**ਨਵੀਂ ਦਿੱਲੀ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਭਾਰਤ ਨਾਲ ਆਪਣੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਦਿਆਂ ਫਰਾਂਸ ਨੇ ਇਕ ਬਹੁਤ ਅਹਿਮ ਕਦਮ ਚੁੱਕਿਆ ਹੈ, ਜਿਸ ਮਗਰੋਂ ਅੰਤਰਰਾਸ਼ਟਰੀ ਯਾਤਰਾ ਕਰਨ ਵਾਲੇ ਭਾਰਤੀ ਬਾਗੋ-ਬਾਗ ਹੋ ਗਏ ਹਨ। ਫਰਾਂਸ ਸਰਕਾਰ ਨੇ ਭਾਰਤੀ ਪਾਸਪੋਰਟ ਹੋਲਡਰਾਂ ਲਈ ਏਅਰਪੋਰਟ ਟ੍ਰਾਂਜ਼ਿਟ ਵੀਜ਼ਾ ਦੀ ਸ਼ਰਤ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ ਹੈ। ਭਾਰਤ ਸਰਕਾਰ ਨੇ ਫਰਾਂਸ ਦੇ ਇਸ ਕਦਮ ਦੀ ਸ਼ਲਾਘਾ ਕਰਦਿਆਂ ਇਸ ਨੂੰ ਦੋਵਾਂ ਦੇਸ਼ਾਂ ਦੇ ਮਜ਼ਬੂਤ ਹੁੰਦੇ ਰਿਸ਼ਤਿਆਂ ਦਾ ਨਤੀਜਾ ਦੱਸਿਆ ਹੈ। ਪਹਿਲਾਂ ਜੇਕਰ ਕੋਈ ਭਾਰਤੀ ਯਾਤਰੀ ਫਰਾਂਸ ਰਾਹੀਂ ਕਿਸੇ ਤੀਜੇ ਦੇਸ਼ ਜਾਂਦਾ ਸੀ, ਤਾਂ ਉਸ ਨੂੰ 'ਏਅਰਪੋਰਟ ਟ੍ਰਾਂਜ਼ਿਟ ਵੀਜ਼ਾ' ਲੈਣਾ ਪੈਂਦਾ ਸੀ, ਪਰ ਹੁਣ ਜਦੋਂ ਇਹ ਸ਼ਰਤ ਖ਼ਤਮ ਹੋ ਗਈ ਹੈ ਤਾਂ ਇਸ ਟਾਂਜ਼ਿਟ ਵੀਜ਼ਾ ਦੀ ਲੋੜ ਨਹੀਂ ਪਵੇਗੀ। ਫਰਾਂਸ ਸਰਕਾਰ ਦੇ ਇਸ ਫੈਸਲੇ ਨਾਲ ਯਾਤਰੀਆਂ ਦਾ ਸਮਾਂ ਅਤੇ ਵੀਜ਼ਾ ਫੀਸ ਦਾ ਖਰਚਾ ਬਚੇਗਾ। ਖਾਸ ਕਰ ਕੇ ਯੂਰਪ ਦੇ ਰਸਤਿਓਂ ਲੰਬੀ ਦੂਰੀ ਦੀ ਯਾਤਰਾ ਕਰਨ ਵਾਲੇ ਯਾਤਰੀਆਂ ਨੂੰ ਇਸ ਨਾਲ ਵੱਡੀ ਰਾਹਤ ਮਿਲੇਗੀ। ਹੁਣ ਭਾਰਤੀ ਯਾਤਰੀ ਫਰਾਂਸ ਦੇ ਅੰਤਰਰਾਸ਼ਟਰੀ ਜ਼ੋਨ ਨੂੰ ਛੱਡੇ ਬਿਨਾਂ ਆਪਣੀ ਅਗਲੀ ਫਲਾਈਟ ਬਦਲ ਸਕਣਗੇ। ਭਾਰਤੀਆਂ ਲਈ ਇਹ ਇੱਕ ਵੱਡੀ ਰਾਹਤ ਹੈ, ਪਰ ਇਸ ਦੇ ਬਾਵਜੂਦ ਯਾਤਰੀਆਂ ਨੂੰ ਕੁਝ ਗੱਲਾਂ ਦਾ ਧਿਆਨ ਰੱਖਣਾ ਹੋਵੇਗਾ। ਇਹ ਸਹੂਲਤ ਸਿਰਫ਼ ਉਦੋਂ ਹੀ ਲਾਗੂ ਹੋਵੇਗੀ ਜੇਕਰ ਯਾਤਰੀ ਹਵਾਈ ਅੱਡੇ ਦੇ ਇੰਟਰਨੈਸ਼ਨਲ ਟ੍ਰਾਂਜ਼ਿਟ ਏਰੀਆ ਵਿੱਚ ਹੀ ਰੁਕਦਾ ਹੈ ਅਤੇ ਹਵਾਈ ਅੱਡੇ ਤੋਂ ਬਾਹਰ ਨਹੀਂ ਨਿਕਲਦਾ। ਜੇਕਰ ਯਾਤਰੀ ਨੂੰ ਹਵਾਈ ਅੱਡੇ ਤੋਂ ਬਾਹਰ ਨਿਕਲਣਾ ਹੈ ਜਾਂ ਸਮਾਨ ਫਿਰ ਤੋਂ ਚੈੱਕ-ਇਨ ਕਰਨ ਲਈ ਇਮੀਗ੍ਰੇਸ਼ਨ ਪਾਰ ਕਰਨੀ ਹੈ, ਤਾਂ ਉਸ ਕੋਲ 'ਸ਼ੈਨੇਗਨ ਵੀਜ਼ਾ' ਹੋਣਾ ਲਾਜ਼ਮੀ ਹੋਵੇਗਾ।

## ਟਰੰਪ ਦੀ ਪੋਸਟ ਨੇ ਮਚਾਈ ਤਰਥੱਲੀ

# ਭਾਰਤ ਨੂੰ ਦੱਸਿਆ 'ਨਰਕ'

**ਵਾਸ਼ਿੰਗਟਨ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅਮਰੀਕਾ-ਇਰਾਨ ਵਿਚਾਲੇ ਚੱਲ ਰਹੀ ਜੰਗ ਜਦੋਂ ਹੁਣ ਕੁਝ ਸਮੇਂ ਲਈ ਰੁਕੀ ਹੋਈ ਹੈ ਤਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਅਮਰੀਕਾ ਦੇ ਇਮੀਗ੍ਰੇਸ਼ਨ ਕਾਨੂੰਨਾਂ ਅਤੇ 'ਬਰਥਰਾਈਟ ਸਿਟੀਜ਼ਨਸ਼ਿਪ' ਨੂੰ ਲੈ ਕੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਟਰੰਪ ਨੇ ਮਸ਼ਹੂਰ ਰੇਡੀਓ ਹੋਸਟ ਮਾਈਕਲ ਸੇਵੇਜ ਦੀ ਇੱਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿੱਚ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਲਈ ਬੇਹੱਦ ਅਪਮਾਨਜਨਕ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਵੀਡੀਓ ਵਿੱਚ ਮਾਈਕਲ ਸੇਵੇਜ ਨੇ ਦਾਅਵਾ ਕੀਤਾ ਕਿ ਮੌਜੂਦਾ ਕਾਨੂੰਨ ਦਾ ਫਾਇਦਾ ਉਠਾਉਂਦੇ ਹੋਏ ਪ੍ਰਵਾਸੀ ਆਪਣੇ ਗਰਭ ਅਵਸਥਾ ਦੇ ਆਖਰੀ ਮਹੀਨੇ ਵਿੱਚ ਅਮਰੀਕਾ ਆਉਂਦੇ ਹਨ। ਉਨ੍ਹਾਂ ਕਿਹਾ, "ਇੱਥੇ ਪੈਦਾ ਹੋਇਆ ਬੱਚਾ ਤੁਰੰਤ ਅਮਰੀਕੀ ਨਾਗਰਿਕ ਬਣ ਜਾਂਦਾ ਹੈ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਨੂੰ ਚੀਨ, ਭਾਰਤ ਜਾਂ ਦੁਨੀਆ ਦੇ ਕਿਸੇ ਹੋਰ 'ਹੈਲਹੋਲ' (ਨਰਕ ਵਰਗੀ ਜਗ੍ਹਾ) ਤੋਂ ਇੱਥੇ ਲੈ ਆਉਂਦੇ ਹਨ।" ਸੇਵੇਜ ਨੇ ਅਮਰੀਕੀ ਸੁਪਰੀਮ ਕੋਰਟ ਵਿੱਚ ਚੱਲ ਰਹੀ ਬਹਿਸ ਦਾ ਹਵਾਲਾ ਦਿੰਦਿਆਂ ਕਿਹਾ ਕਿ ਇਹ ਮਾਮਲਾ ਸਿਰਫ਼ ਕਾਨੂੰਨੀ ਨਹੀਂ, ਸਗੋਂ ਜਨਤਕ ਰਾਏ ਦਾ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਇਹ ਸਿਰਫ਼ ਪੈਸੇ ਕਮਾਉਣ ਦਾ ਜ਼ਰੀਆ ਰਹਿ ਗਿਆ ਹੈ। ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇਸ ਵੀਡੀਓ ਨੂੰ ਰੀਪੋਸਟ ਕਰਕੇ ਸੇਵੇਜ ਦੇ ਵਿਚਾਰਾਂ ਦਾ ਸਮਰਥਨ ਕੀਤਾ ਹੈ। ਵੀਡੀਓ ਵਿੱਚ ਸੇਵੇਜ ਨੇ ਭਾਰਤੀ ਅਤੇ ਚੀਨੀ ਪ੍ਰਵਾਸੀਆਂ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਉਹ ਪੁਰਾਣੇ ਯੂਰਪੀਅਨ ਪ੍ਰਵਾਸੀਆਂ (ਆਇਰਿਸ਼, ਇਟਾਲੀਅਨ, ਪੋਲਿਸ਼) ਵਾਂਗ ਅਮਰੀਕੀ ਸਮਾਜ ਵਿੱਚ ਘੁਲਦੇ-ਮਿਲਦੇ ਨਹੀਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਜਿਹੇ ਪ੍ਰਵਾਸੀਆਂ ਕਾਰਨ ਅਮਰੀਕਾ ਵਿੱਚ ਅੰਗਰੇਜ਼ੀ ਭਾਸ਼ਾ ਅਤੇ ਰਾਸ਼ਟਰੀ ਪਛਾਣ ਵੀ ਖ਼ਤਮ ਹੋ ਰਹੀ ਹੈ। ਟਰੰਪ ਦੇ ਇਸ ਕਦਮ ਦੀ ਦੁਨੀਆ ਭਰ 'ਚ ਆਲੋਚਨਾ ਹੋ ਰਹੀ ਹੈ। ਖਾਸ ਕਰਕੇ ਭਾਰਤੀ-ਅਮਰੀਕੀ ਭਾਈਚਾਰੇ ਨੇ 'ਹੈੱਲਹੋਲ' ਸ਼ਬਦ ਦੀ ਵਰਤੋਂ 'ਤੇ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਚੋਣਾਂ ਦੇ ਨੇੜੇ ਅਜਿਹੀ ਬਿਆਨਬਾਜ਼ੀ ਪ੍ਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਦੀ ਰਣਨੀਤੀ ਦਾ ਹਿੱਸਾ ਹੋ ਸਕਦੀ ਹੈ ਤੇ ਇਹ ਭਾਰਤ ਤੇ ਚੀਨ ਵਰਗੇ ਦੇਸ਼ਾਂ ਦੇ ਲੋਕਾਂ ਲਈ ਕਾਫ਼ੀ ਅਪਮਾਨਜਨਕ ਹੈ।



## ਅਜੇ ਲੱਗ ਸਕਦੇ ਨੇ 6 ਮਹੀਨੇ... ! ਹੋਰਮੁਜ਼ ਬਾਰੇ ਪੈਂਟਾਗਨ ਦਾ ਵੱਡਾ ਬਿਆਨ

**ਵਾਸ਼ਿੰਗਟਨ/ਤੇਹਰਾਨ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਹੋਰਮੁਜ਼ ਦੀ ਖਾੜੀ 'ਚ ਚੱਲ ਰਿਹਾ ਫੌਜੀ ਅਤੇ ਰਾਜਨੀਤਿਕ ਗਤੀਰੋਧ ਹੁਣ ਇੱਕ ਗੰਭੀਰ ਵਿਸ਼ਵਵਿਆਪੀ ਆਰਥਿਕ ਸੰਕਟ ਦਾ ਰੂਪ ਧਾਰਨ ਕਰ ਰਿਹਾ ਹੈ। ਪੈਂਟਾਗਨ ਨੇ ਅਮਰੀਕੀ ਕਾਂਗਰਸ ਨੂੰ ਇੱਕ ਬ੍ਰੀਫਿੰਗ ਦੌਰਾਨ ਦੱਸਿਆ ਹੈ ਕਿ ਈਰਾਨ ਦੁਆਰਾ ਇਸ ਮਹੱਤਵਪੂਰਨ ਸਮੁੰਦਰੀ ਰਸਤੇ 'ਚ ਵਿਛਾਈਆਂ ਗਈਆਂ ਸਮੁੰਦਰੀ ਸੁਰੰਗਾਂ ਨੂੰ ਸਾਫ਼ ਕਰਨ 'ਚ ਅਮਰੀਕਾ ਨੂੰ ਛੇ ਮਹੀਨਿਆਂ ਤੱਕ ਦਾ ਸਮਾਂ ਲੱਗ ਸਕਦਾ ਹੈ। ਰਿਪੋਰਟਾਂ ਅਨੁਸਾਰ ਈਰਾਨ ਨੇ ਖਾੜੀ 'ਚ 20 ਜਾਂ ਇਸ ਤੋਂ ਵੱਧ ਸੁਰੰਗਾਂ ਤਾਇਨਾਤ ਕੀਤੀਆਂ ਹਨ। ਅਮਰੀਕੀ ਰੱਖਿਆ ਅਧਿਕਾਰੀਆਂ ਨੇ ਖੁਲਾਸਾ ਕੀਤਾ ਹੈ ਕਿ ਇਹਨਾਂ 'ਚੋਂ ਕੁਝ ਵਿਸਫੋਟਕ ਬਹੁਤ ਹੀ ਆਧੁਨਿਕ ਹਨ ਅਤੇ ਜੀਪੀਐੱਸ ਤਕਨਾਲੋਜੀ ਦੀ ਵਰਤੋਂ ਕਰਕੇ ਤਾਇਨਾਤ ਕੀਤੇ ਗਏ ਹਨ, ਜਿਸ ਕਾਰਨ ਅਮਰੀਕੀ ਫੌਜਾਂ ਲਈ ਇਹਨਾਂ ਦਾ ਪਤਾ ਲਗਾਉਣਾ ਬਹੁਤ ਮੁਸ਼ਕਲ ਹੋ ਰਿਹਾ ਹੈ। ਹੈਲੀਕਾਪਟਰਾਂ, ਡਰੋਨਾਂ ਤੇ ਮਾਹਰ ਗੋਤਾਖੋਰਾਂ ਦੀ ਮਦਦ ਨਾਲ ਇਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਰੁਕਾਵਟ ਦਾ ਸਿੱਧਾ ਅਸਰ ਕੌਮਾਂਤਰੀ ਬਾਜ਼ਾਰ 'ਤੇ ਦੇਖਣ ਨੂੰ ਮਿਲ ਰਿਹਾ ਹੈ। ਬਰੈਂਟ ਕਰੂਡ ਦੀ ਕੀਮਤ 101.76 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਹੈ, ਜਦੋਂ ਕਿ ਵੈਸਟ ਟੈਕਸਾਸ ਇੰਟਰਮੀਡੀਏਟ ਫਿਊਚਰਜ਼ ਵੀ 92.82 ਡਾਲਰ 'ਤੇ ਦਰਜ ਕੀਤੇ ਗਏ ਹਨ। ਦੱਸਣਯੋਗ ਹੈ ਕਿ ਹੋਰਮੁਜ਼ ਦੀ ਖਾੜੀ ਦੁਨੀਆ ਦੀ ਰੋਜ਼ਾਨਾ ਤੇਲ ਅਤੇ ਕੁਦਰਤੀ ਗੈਸ ਦੀ ਸਪਲਾਈ ਦਾ ਲਗਭਗ 20 ਫੀਸਦੀ ਹਿੱਸਾ ਸੰਭਾਲਦੀ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤੇਹਰਾਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇਕਰ ਇਹ ਸੁਰੰਗਾਂ ਨਾ ਹਟਾਈਆਂ ਗਈਆਂ ਤਾਂ ਈਰਾਨ ਨੂੰ ਅਜਿਹੇ ਨਤੀਜੇ ਭੁਗਤਣੇ ਪੈਣਗੇ ਜੋ ਪਹਿਲਾਂ ਕਦੇ ਨਹੀਂ ਦੇਖੇ ਗਏ। ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਸਪੱਸ਼ਟ ਕੀਤਾ ਹੈ ਕਿ ਅਮਰੀਕੀ ਫੌਜਾਂ ਸੁਰੰਗਾਂ ਵਿਛਾਉਣ ਵਾਲੇ ਸ਼ੱਕੀ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਅਤੇ ਅਮਰੀਕਾ "ਅੱਤਵਾਦੀਆਂ ਨੂੰ ਹੋਰਮੁਜ਼ ਦੀ ਖਾੜੀ ਨੂੰ ਬੰਧਕ ਨਹੀਂ ਬਣਾਉਣ ਦੇਵੇਗਾ।" ਦੂਜੇ ਪਾਸੇ ਈਰਾਨ ਦੇ ਉਪ ਵਿਦੇਸ਼ ਮੰਤਰੀ ਮਾਜਿਦ ਤਖਤ-ਰਵਾਂਚੀ ਨੇ ਇਹਨਾਂ ਕਾਰਵਾਈਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਕੁਝ ਰਿਪੋਰਟਾਂ ਇਹ ਵੀ ਸੁਝਾਅ ਦਿੰਦੀਆਂ ਹਨ ਕਿ ਖੁਦ ਈਰਾਨੀ ਫੌਜ ਸ਼ਾਇਦ ਉਹਨਾਂ ਸਾਰੀਆਂ ਸੁਰੰਗਾਂ ਦੀ ਸਹੀ ਸਥਿਤੀ ਦਾ ਪਤਾ ਲਗਾਉਣ 'ਚ ਅਸਮਰੱਥ ਹੈ ਜੋ ਉਨ੍ਹਾਂ ਨੇ ਤਾਇਨਾਤ ਕੀਤੀਆਂ ਸਨ, ਜਿਸ ਨਾਲ ਖਤਰਾ ਹੋਰ ਵੱਧ ਗਿਆ ਹੈ।

## ਪੰਜਾਬ ਭਰ 'ਚ ਫਿਰ ਵੱਜਣਗੇ ਖ਼ਤਰੇ ਦੇ ਘੁੱਗੂ, ਅੱਜ ਹੋਵੇਗਾ 'ਬਲੈਕ ਆਊਟ' !



**ਚੰਡੀਗੜ੍ਹ/ਜਲੰਧਰ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸੂਬੇ 'ਚ ਸਿਵਲ ਡਿਫੈਂਸ ਸਬੰਧੀ ਤਿਆਰੀ ਦੀ ਅਜ਼ਮਾਇਸ਼ ਕਰਨ ਦੇ ਮਕਸਦ ਨਾਲ ਪੰਜਾਬ 'ਚ 24 ਅਪ੍ਰੈਲ ਨੂੰ ਸ਼ਾਮ 8 ਵਜੇ ਸਿਵਲ ਡਿਫੈਂਸ ਏਅਰ ਰੇਡ/ਬਲੈਕਆਊਟ ਮੌਕ ਐਕਸਰਸਾਈਜ਼ ਕਰਵਾਈ ਜਾਵੇਗੀ। ਇਹ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਦੇ ਸਾਰੇ ਜ਼ਿਲ੍ਹਿਆਂ 'ਚ ਕਰਵਾਈ ਜਾ ਰਹੀ ਹੈ। ਇਹ ਮੌਕ ਐਕਸਰਸਾਈਜ਼ ਇਕ ਏਅਰ ਰੇਡ ਚਿਤਾਵਨੀ ਸਿਗਨਲ ਨਾਲ ਸ਼ੁਰੂ ਹੋਵੇਗੀ, ਜਿਸ ਦੌਰਾਨ ਦੋ ਮਿੰਟ ਦੀ ਮਿਆਦ ਲਈ ਹਾਈ-ਲੋਅ ਪਿੱਚ ਸਾਇਰਨ ਵਜਾਏ ਜਾਣਗੇ। ਇਸ ਦੌਰਾਨ ਸਬੰਧਿਤ ਡਿਪਟੀ ਕਮਿਸ਼ਨਰ-ਕਮ-ਕੰਟਰੋਲਰ, ਸਿਵਲ ਡਿਫੈਂਸ ਵੱਲੋਂ ਪਛਾਣੇ ਗਏ ਖ਼ਾਸ ਖੇਤਰਾਂ 'ਚ ਇਕ ਸਿਮੂਲੇਟਿਡ ਬਲੈਕਆਊਟ ਲਾਗੂ ਕੀਤਾ ਜਾਵੇਗਾ। ਇਨ੍ਹਾਂ ਪਛਾਣੇ ਗਏ ਖੇਤਰਾਂ 'ਚ ਆਮ ਲੋਕਾਂ ਨੂੰ ਬਲੈਕਆਊਟ ਪੀਰੀਅਡ ਦੌਰਾਨ ਸਾਰੀਆਂ ਗ਼ੈਰ-ਜ਼ਰੂਰੀ ਲਾਈਟਾਂ ਬੰਦ ਕਰਨ ਦੀ ਹਦਾਇਤ ਹੋਵੇਗੀ, ਜਦੋਂ ਕਿ ਡਰਿੱਲ ਦੌਰਾਨ ਸਾਰੀਆਂ ਜ਼ਰੂਰੀ ਸੇਵਾਵਾਂ ਪੂਰੀ ਤਰ੍ਹਾਂ ਕਾਰਜਸ਼ੀਲ ਰਹਿਣਗੀਆਂ। ਇਸ ਦੌਰਾਨ ਵੱਖ-ਵੱਖ ਐਮਰਜੈਂਸੀ ਕਾਰਜਾਂ ਜਿਵੇਂ ਫਾਇਰ ਰਿਸਪਾਂਸ ਆਪਰੇਸ਼ਨ, ਖੋਜ ਤੇ ਬਚਾਅ ਕਾਰਜ, ਫਸਟ-ਏਡ ਤੇ ਡਾਕਟਰੀ ਸਹਾਇਤਾ, ਜ਼ਖ਼ਮੀ ਵਿਅਕਤੀਆਂ ਨੂੰ ਸੁਰੱਖਿਅਤ ਕੱਢਣ ਦੇ ਨਾਲ-ਨਾਲ ਟ੍ਰੈਫਿਕ ਤੇ ਭੀੜ ਕੰਟਰੋਲ ਉਪਾਵਾਂ ਰਾਹੀਂ ਫੀਲਡ ਤਾਲਮੇਲ ਦੀ ਜਾਂਚ ਕੀਤੀ ਜਾਵੇਗੀ। ਸਰਕਾਰ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਦੌਰਾਨ ਘਬਰਾਉਣ ਦੀ ਬਿਲਕੁਲ ਲੋੜ ਨਹੀਂ ਕਿਉਂਕਿ ਇਹ ਇਕ ਰੂਟੀਨ ਪ੍ਰਕਿਰਿਆਤਮਕ ਅਭਿਆਸ ਹੈ, ਜੋ ਸੂਬੇ 'ਚ ਸਿਵਲ ਡਿਫੈਂਸ ਤਿਆਰੀ ਦਾ ਮੁੱਲਾਂਕਣ ਕਰਨ ਅਤੇ ਵਧਾਉਣ ਲਈ ਤਿਆਰ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਜਦੋਂ ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਵਾਲੇ ਹਾਲਾਤ ਬਣੇ ਸਨ ਤਾਂ ਉਸ ਵੇਲੇ ਵੀ ਪੰਜਾਬ ਸਣੇ ਪੂਰੇ ਦੇਸ਼ 'ਚ ਬਲੈਕਆਊਟ ਕੀਤਾ ਜਾਂਦਾ ਸੀ ਅਤੇ ਖ਼ਤਰੇ ਦੇ ਘੁੱਗੂ ਵੱਜਦੇ ਸਨ।

## ਪੰਜਾਬ ਦੇ ਸਕੂਲਾਂ ਨੂੰ ਮੁੜ ਮਿਲੀ ਬੰਬ ਨਾਲ ਉਡਾਉਣ ਅਤੇ ਬਲੈਕਆਊਟ ਸਮੇਂ ਟਰੇਨ 'ਚ ਧਮਾਕਾ ਕਰਨ ਦੀ ਵੀ ਧਮਕੀ

**ਚੰਡੀਗੜ੍ਹ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਸਕੂਲਾਂ ਨੂੰ ਇੱਕ ਵਾਰ ਫੇਰ ਤੋਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਿਸ ਤੋਂ ਬਾਅਦ ਇੱਕ ਵਾਰ ਫੇਰ ਤੋਂ ਸਕੂਲਾਂ 'ਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਮਿਲੀ ਜਾਣਕਾਰੀ ਮੁਤਾਬਿਕ ਬਠਿੰਡਾ ਅਤੇ ਲੁਧਿਆਣਾ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਦੱਸ ਦਈਏ ਕਿ ਲੁਧਿਆਣਾ ਦੇ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਭਰੀ ਈਮੇਲ ਮਿਲੀ ਹੈ। ਇਨ੍ਹਾਂ ਸਕੂਲਾਂ ਵਿੱਚ ਸਪਰਿੰਗ ਡੇਲ ਸੀਨੀਅਰ ਸੈਕੰਡਰੀ ਸਕੂਲ, ਸ਼ੇਰਪੁਰ ਅਤੇ ਡੀਏਵੀ ਸਕੂਲ, ਬੀਆਰਐਸ ਨਗਰ ਸ਼ਾਮਲ ਹਨ। ਧਮਕੀ ਤੋਂ ਬਾਅਦ, ਸਪਰਿੰਗ ਡੇਲ ਪਬਲਿਕ ਸਕੂਲ ਪ੍ਰਬੰਧਨ ਨੇ 2,500 ਵਿਦਿਆਰਥੀਆਂ ਨੂੰ ਘਰ ਭੇਜ ਦਿੱਤਾ ਅਤੇ ਪੁਲਿਸ ਨੂੰ ਬੁਲਾਇਆ। ਇਸ ਤੋਂ ਇਲਾਵਾ ਬਠਿੰਡਾ ਦੇ ਨਿੱਜੀ ਸਕੂਲਾਂ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਹੈ। ਜਿਸ ਤੋਂ ਬਾਅਦ ਮੌਕੇ 'ਤੇ ਜਾਂਚ ਪੜਤਾਲ ਸ਼ੁਰੂ ,ਕਰ ਦਿੱਤੀ ਗਈ ਹੈ। ਡੀਐਸਪੀ ਨੇ ਕਿਹਾ ਲੋਕਾਂ ਨੂੰ ਘਬਰਾਉਣ ਦੀ ਨਹੀਂ ਜਰੂਰਤ ਸਾਡੀਆਂ ਵੱਖ-ਵੱਖ ਟੀਮਾਂ ਕੰਮ ਕਰ ਰਹੀਆਂ ਹਨ। ਡੀਐਸਪੀ ਸਿਟੀ 2 ਅਰੁਣ ਮੁੰਡਨ ਨੇ ਕਿਹਾ ਹੈ ਕਿ ਵੱਖ-ਵੱਖ ਸਕੂਲਾਂ ਨੂੰ ਈਮੇਲ ਦੇ ਜਰੀਏ ਕੁਝ ਧਮਕੀ ਪ੍ਰਾਪਤ ਹੋਈ ਆ ਜਿਸਦੇ ਚਲਦੇ ਸਾਡੇ ਵੱਲੋਂ ਵੱਖ-ਵੱਖ ਟੀਮਾਂ ਕੰਮ ਕਰ ਰਹੀਆਂ ਹਨ ਅਤੇ ਸਕੂਲਾਂ ਦੀ ਚੈਕਿੰਗ ਕੀਤੀ ਜਾ ਰਹੀ ਹੈ ਬਠਿੰਡਾ ਦੇ ਕੁਝ ਸਕੂਲ ਦੱਸੇ ਗਏ ਹਨ ਉਸ ਵਿੱਚ ਸਾਡੀਆਂ ਵੱਖ-ਵੱਖ ਟੀਮਾਂ ਕੰਮ ਕਰ ਰਹੀਆਂ ਹਨ ਅਤੇ ਤੁਹਾਡੇ ਜਰੀਏ ਲੋਕਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਕਿਸੇ ਤਰ੍ਹਾਂ ਘਬਰਾਉਣ ਦੀ ਜਰੂਰਤ ਨਹੀਂ ਹੈ ਅਫਵਾਹਾਂ ਤੋਂ ਬਚਣਾ ਚਾਹੀਦਾ ਹੈ। ਦੱਸ ਦਈਏ ਕਿ ਸਕੂਲਾਂ ਨੂੰ ਮਿਲੀ ਈਮੇਲ 'ਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਉਡਾਉਣ ਦੀ ਵੀ ਧਮਕੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਭਲਕੇ ਹੋਣ ਜਾ ਰਹੇ ਬਲੈਕਆਊਟ ਸਮੇਂ ਵੀ ਟਰੇਨ 'ਚ ਧਮਾਕਾ ਕਰਨ ਦੀ ਵੀ ਗੱਲ ਆਖੀ ਗਈ ਹੈ।




## ਪੰਜਾਬ ਪੁਲਿਸ ਨੇ ਕੇਂਦਰ ਨੂੰ ਪੱਤਰ ਲਿਖ ਕੇ ਵੈੱਬ ਸੀਰੀਜ਼ 'ਤੇ ਪਾਬੰਦੀ ਲਗਾਉਣ ਦੀ ਕੀਤੀ ਮੰਗ

**ਚੰਡੀਗੜ੍ਹ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ 'ਚ "ਲਾਰੈਂਸ ਆਫ਼ ਪੰਜਾਬ" ਦਾ ਵਿਰੋਧ ਲਗਾਤਾਰ ਵਧਦਾ ਜਾ ਰਿਹਾ ਹੈ। ਹੁਣ ਪੰਜਾਬ ਪੁਲੀਸ ਨੇ ਕੇਂਦਰ ਸਰਕਾਰ ਨੂੰ ਪੱਤਰ ਲਿਖ ਕੇ ਵੈੱਬ ਸੀਰੀਜ਼ 'ਲਾਰੈਂਸ ਆਫ਼ ਪੰਜਾਬ 'ਤੇ ਪਾਬੰਦੀ ਲਗਾਏ ਜਾਣ ਦੀ ਮੰਗ ਕੀਤੀ ਹੈ। ਪੰਜਾਬ ਦੀ ਅਮਨ ਕਾਨੂੰਨ ਵਿਵਸਥਾ ਅਤੇ ਵਡੇਰੇ ਸਮਾਜਿਕ ਹਿੱਤਾਂ ਦੇ ਹਵਾਲੇ ਨਾਲ ਇਸ ਸੀਰੀਜ਼ ਦੀ ਪ੍ਰਚਾਰ ਸਮਗਰੀ ਨੂੰ ਓਟੀਟੀ ਪਲੇਟਫ਼ਾਰਮ 'ਤੇ ਬਲੌਕ ਕਰਨ ਲਈ ਪੱਤਰ ਲਿਖਿਆ ਹੈ। ਇਹ ਸੀਰੀਜ਼ 27 ਅਪ੍ਰੈਲ ਨੂੰ ਓਟੀਟੀ ਪਲੇਟਫਾਰਮ ਜੀ5 'ਤੇ ਰਿਲੀਜ਼ ਹੋਣ ਵਾਲੀ ਹੈ। ਸਾਈਬਰ ਕ੍ਰਾਈਮ ਦੇ ਸਪੈਸ਼ਲ ਡੀਜੀਪੀ ਨੇ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਇਸ ਵੈੱਬ ਸੀਰੀਜ਼ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਜ਼ਿੰਦਗੀ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਅਪਰਾਧਿਕ ਵਾਰਦਾਤਾਂ ਨੂੰ ਦਿਖਾਇਆ ਜਾਣਾ ਹੈ। ਇਸ ਸੀਰੀਜ਼ ਵਿੱਚ ਇਹ ਵੀ ਦਿਖਾਇਆ ਜਾਵੇਗਾ ਕਿ ਉਹ (ਲਾਰੈਂਸ) ਇੱਕ ਵਿਦਿਆਰਥੀ ਆਗੂ ਤੋਂ ਅਪਰਾਧ ਦੀ ਦੁਨੀਆ ਦੇ ਸਿਖਰ ਤੱਕ ਕਿਵੇਂ ਪਹੁੰਚਿਆ।

## ਖਡੂਰ ਸਾਹਿਬ ਦੇ ਸੰਸਦ ਮੈਂਬਰ ਅਮ੍ਰਿਤਪਾਲ ਸਿੰਘ 2 ਦਿਨਾਂ ਦੇ ਪੁਲਿਸ ਰਿਮਾਂਡ 'ਤੇ

### NSA ਨਜ਼ਰਬੰਦੀ ਖਤਮ ਹੋਣ ਮਗਰੋਂ ਅਜਨਾਲਾ ਕੇਸ ਵਿੱਚ ਕਾਰਵਾਈ ਤੇਜ਼

**ਅਜਨਾਲਾ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਖਡੂਰ ਸਾਹਿਬ ਤੋਂ ਸੰਸਦ ਮੈਂਬਰ Amritpal Singh ਨੂੰ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਅਜਨਾਲਾ ਅਦਾਲਤ ਵਿੱਚ ਪੇਸ਼ ਕੀਤਾ ਗਿਆ, ਜਿੱਥੇ ਅਦਾਲਤ ਨੇ ਉਨ੍ਹਾਂ ਨੂੰ 2 ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਿਸ ਦੇ ਅਨੁਸਾਰ, ਟੀਮ 21 ਅਪ੍ਰੈਲ ਨੂੰ ਅਸਾਮ ਦੀ ਡਿਬਰੂਗੜ੍ਹ ਸੈਂਟਰਲ ਜੇਲ੍ਹ ਪਹੁੰਚੀ ਸੀ, ਜਿੱਥੇ ਅਮ੍ਰਿਤਪਾਲ ਸਿੰਘ ਨੂੰ National Security Act (NSA) ਹੇਠ ਨਜ਼ਰਬੰਦ ਰੱਖਿਆ ਗਿਆ ਸੀ। 22 ਅਪ੍ਰੈਲ ਨੂੰ ਉਨ੍ਹਾਂ ਦੀ ਨਜ਼ਰਬੰਦੀ ਖਤਮ ਹੋਣ ਤੋਂ ਬਾਅਦ ਹੁਣ ਪੁਰਾਣੇ ਕੇਸ ਵਿੱਚ ਕਾਨੂੰਨੀ ਕਾਰਵਾਈ ਨੂੰ ਤੇਜ਼ ਕੀਤਾ ਗਿਆ ਹੈ। ਵਕੀਲਾਂ ਦੇ ਮੁਤਾਬਕ, ਇਹ ਮਾਮਲਾ FIR ਨੰਬਰ 39 ਅਧੀਨ ਦਰਜ ਹੈ, ਜਿਸ ਵਿੱਚ ਧਾਰਾ 307 ਸਮੇਤ ਕਈ ਗੰਭੀਰ ਦੋਸ਼ ਸ਼ਾਮਲ ਹਨ। ਇਸ ਕੇਸ ਵਿੱਚ ਹੋਰ ਦੋਸ਼ੀਆਂ ਦੀ ਪੇਸ਼ੀ ਪਹਿਲਾਂ ਹੀ ਹੋ ਚੁੱਕੀ ਹੈ।



ਯਾਦ ਰਹੇ ਕਿ ਫਰਵਰੀ 2023 ਵਿੱਚ Ajnala ਥਾਣੇ ਵਿੱਚ ਵੱਡਾ ਟਕਰਾਅ ਹੋਇਆ ਸੀ, ਜਿੱਥੇ ਸਮਰਥਕਾਂ ਅਤੇ ਪੁਲਿਸ ਵਿਚਕਾਰ ਝੜਪਾਂ ਹੋਈਆਂ ਸਨ। ਇਸ ਤੋਂ ਬਾਅਦ ਅਪ੍ਰੈਲ 2023 ਵਿੱਚ ਮੋਗਾ ਜ਼ਿਲ੍ਹੇ ਦੇ ਰੋਡੇ ਪਿੰਡ ਤੋਂ ਅਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਇਸ ਮਾਮਲੇ ਵਿੱਚ ਕੁੱਲ 41 ਵਿਅਕਤੀਆਂ ਖ਼ਿਲਾਫ਼ ਕਤਲ ਦੀ ਕੋਸ਼ਿਸ਼, ਸਰਕਾਰੀ ਕਰਮਚਾਰੀਆਂ 'ਤੇ ਹਮਲਾ, ਸਾਜ਼ਿਸ਼ ਅਤੇ ਦੰਗਿਆਂ ਵਰਗੇ ਗੰਭੀਰ ਦੋਸ਼ ਦਰਜ ਕੀਤੇ ਗਏ ਹਨ। ਪੁਲਿਸ ਰਿਮਾਂਡ ਦੌਰਾਨ ਹੋਰ ਪੁੱਛਗਿੱਛ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਮਾਮਲੇ ਦੀ ਜਾਂਚ ਵਿੱਚ ਨਵੇਂ ਪੱਖ ਸਾਹਮਣੇ ਆ ਸਕਦੇ ਹਨ। ਇਹ ਕੇਸ ਆਉਣ ਵਾਲੇ ਸਮੇਂ ਵਿੱਚ ਸਿਆਸੀ ਪੱਧਰ 'ਤੇ ਵੀ ਮਹੱਤਵਪੂਰਨ ਬਣ ਸਕਦਾ ਹੈ।

# ਭੋਗ ਤੇ ਅਰਦਾਸ ਸਮਾਗਮ



ਆਵਾਜ਼ਿ ਕੌਮ AWAZE QAUM International Newspaper & WEB TV

ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਭਤੀਜੇ, ਸੱਚਖੰਡ ਵਾਸੀ ਬਾਬਾ ਜੋਗਿੰਦਰ ਸਿੰਘ ਜੀ ਦੇ ਪੋਤਰੇ, ਅਮਰ ਸ਼ਹੀਦ ਭਾਈ ਜੰਗੀਰ ਸਿੰਘ ਦੇ ਸਪੁੱਤਰ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਖਾਲਸਾ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਛੋਟੇ ਭਰਾ, ਭਾਈ ਜਗਤਾਰ ਸਿੰਘ ਰੋਡੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੁਪਤਨੀ

## ਬੀਬੀ ਪਰਮਜੀਤ ਕੌਰ

ਜੋ 19 ਅਪ੍ਰੈਲ, 2026 ਦਿਨ ਐਤਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ।

ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਦਾ ਭੋਗ ਅਤੇ ਅਰਦਾਸ ਸਮਾਗਮ ਮਿਤੀ 28 ਅਪ੍ਰੈਲ, 2026 ਦਿਨ ਮੰਗਲਵਾਰ, ਦੁਪਹਿਰ 12.00 ਤੋਂ 2.30 ਵਜੇ ਤੱਕ ਪਿੰਡ ਰੋਡੇ ਦੇ ਗੁਰਦੁਆਰਾ ਸੰਤ ਖਾਲਸਾ (ਜਨਮ ਅਸਥਾਨ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ) ਜ਼ਿਲ੍ਹਾ ਮੋਗਾ ਵਿਖੇ ਹੋਵੇਗੀ।

### ਗੁਰੂ ਦੇ ਭਾਣੇ ਵਿੱਚ

ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਖਾਲਸਾ, ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਭਾਈ ਜਗਤਾਰ ਸਿੰਘ ਰੋਡੇ, ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਤੇ ਸਮੂਹ ਬਾਬਾ ਪਰਿਵਾਰ। (ਮੋ: 98140-29018)










**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ





Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

### ਭਾਈ ਜਗਤਾਰ ਸਿੰਘ ਰੋਡੇ ਮੈਂਬਰ ਸ਼੍ਰੋਮਣੀ ਕਮੇਟੀ ਨਾਲ

# ਦੁੱਖ ਸਾਂਝਾ ਕਰਨ ਵਾਲਿਆਂ ਦੀ ਆਵਾਜਾਈ ਲਗਾਤਾਰ ਜਾਰੀ



**ਸਮਾਲਸਰ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਭਾਈ ਜਗਤਾਰ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਸੁਪਤਨੀ ਬੀਬੀ ਪਰਮਜੀਤ ਕੌਰ ਜੋ ਕਾਫੀ ਸਮਾਂ ਬਿਮਾਰ ਰਹਿਣ ਪਿਛੋਂ ਬੀਤੇ ਦਿਨੀ ਅਕਾਲ ਚਾਲਾਣਾ ਕਰ ਗਏ ਸਨ। ਇਸ ਸਬੰਧੀ ਇਲਾਕਾ ਨਿਵਾਸੀ ਤੇ ਹੋਰ ਜਥੇਬੰਦੀਆਂ ਦੇ ਨੁਮਾਇੰਦੇ ਭਾਈ ਜਗਤਾਰ ਸਿੰਘ ਰੋਡੇ ਨਾਲ ਦੁੱਖ ਸਾਂਝਾ ਕਰਨ ਲਈ ਨਿਰੰਤਰ ਪੁੱਜ ਰਹੇ ਹਨ। ਜ਼ਿਕਰਯੋਗ ਹੈ ਕਿ ਬੀਬੀ ਪਰਮਜੀਤ ਕੌਰ ਦਾ ਪੀਜੀਆਈ ਚੰਡੀਗੜ੍ਹ ਵਿਖੇ ਇਲਾਜ ਚੱਲ ਰਿਹਾ ਸੀ ਪਰ ਉਹ ਅਕਾਲ ਪੁਰਖ ਦੇ ਹੁਕਮ ਅਨੁਸਾਰ 57 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ। ਇਹ ਵੀ ਜ਼ਿਕਰਯੋਗ ਹੈ ਕਿ ਭਾਈ ਜਗਤਾਰ ਸਿੰਘ ਵੀਹਵੀਂ ਸਦੀ ਦੇ ਮਹਾਨ ਯੋਧੇ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੇ ਭਤੀਜੇ ਹਨ ਅਤੇ ਅਮਰ ਸ਼ਹੀਦ ਭਾਈ ਜਗੀਰ ਸਿੰਘ ਦੇ ਸਪੁੱਤਰ ਤੇ ਅਮਰ ਸ਼ਹੀਦ ਭਾਈ ਸਵਰਨ ਸਿੰਘ ਦੇ ਭਰਾਤਾ ਹਨ ਜੋ ਜੂਨ 1984 ਦੇ ਘੁਗੂਘਾਰੇ ਦੌਰਾਨ ਸ਼ਹਾਦਤ ਪ੍ਰਾਪਤ ਕਰ ਗਏ ਸਨ। ਇਸੇ ਤਰ੍ਹਾਂ ਭਾਈ ਜਗਤਾਰ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਜਸਵੀਰ ਸਿੰਘ ਖ਼ਾਲਸਾ ਅਤੇ ਭਾਈ ਲਖਬੀਰ ਸਿੰਘ ਰੋਡੇ ਜੋ ਲਗਭਗ 33 ਸਾਲ ਦੀ ਜਲਾਵਤਨੀ ਦੀ ਜ਼ਿੰਦਗੀ ਬਤੀਤ ਕਰਦਿਆਂ ਪੰਥ ਦੀ ਸੇਵਾ ਲਈ ਜੂਝਦਿਆਂ ਸਵਰਗਵਾਸ ਹੋ ਗਏ ਹਨ, ਦੇ ਛੋਟੇ ਭਰਾਤਾ ਹਨ। ਭਾਈ ਜਗਤਾਰ ਸਿੰਘ ਇਲਾਕੇ ਭਰ ਵਿੱਚ ਜਿੱਥੇ ਧਾਰਮਿਕ ਜ਼ੁੰਮੇਵਾਰੀਆਂ ਦੌਰਾਨ ਆਪਣੀ ਹਾਜ਼ਰੀ ਲਵਾਉਂਦੇ ਹਨ ਉੱਥੇ ਸਮਾਜਿਕ ਤੌਰ 'ਤੇ ਵੀ ਮਹਾਂਪੁਰਖਾਂ ਦੇ ਪਰਿਵਾਰ ਦੀ ਨੁਮਾਇੰਦਗੀ ਕਰਦੇ ਹੋਏ ਪੰਜਾਬ ਭਰ ਵਿੱਚ ਵਿਚਰਦੇ ਹਨ, ਇਸ ਤੋਂ ਇਲਾਵਾ ਆਮ ਸੰਗਤ ਦੀਆਂ ਮੁਸ਼ਕਲਾਂ ਦੂਰ ਕਰਨ ਵਾਸਤੇ ਵੀ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ, ਇਸੇ ਕਾਰਨ ਬੀਬੀ ਪਰਮਜੀਤ ਕੌਰ ਦੇ ਅੰਤਿਮ ਸੰਸਕਾਰ ਸਮੇਂ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ ਅਤੇ ਇਸ ਤਰ੍ਹਾਂ ਹਰ ਰੋਜ਼ ਲਗਾਤਾਰ ਸੈਂਕੜੇ ਲੋਕ ਦੁੱਖ ਸਾਂਝਾ ਕਰਨ ਲਈ ਭਾਈ ਜਗਤਾਰ ਸਿੰਘ ਕੋਲ ਪਹੁੰਚ ਰਹੇ ਹਨ ਜਿਨਾਂ ਵਿੱਚ ਵੱਖ-ਵੱਖ ਰਾਜਨੀਤਿਕ ਜਥੇਬੰਦੀਆਂ ਦੇ ਆਗੂ ਅਤੇ ਧਾਰਮਿਕ ਸ਼ਖਸੀਅਤਾਂ ਤੇ ਬਹੁਤ ਸਾਰੇ ਪੰਚ ਸਰਪੰਚ ਸ਼ਾਮਲ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

### ਬਿਜ਼ਨਸ ਸਟੱਡੀਜ਼ ਵਿਭਾਗ ਤਲਵੰਡੀ ਸਾਬੋ ਵੱਲੋਂ

# ਖੇਡ ਮੁਕਾਬਲਿਆਂ ਦਾ ਆਯੋਜਨ





**ਤਲਵੰਡੀ ਸਾਬੋ, 23 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)**- ਤਲਵੰਡੀ ਸਾਬੋ ਦੇ ਬਿਜ਼ਨਸ ਸਟੱਡੀਜ਼ ਵਿਭਾਗ ਨੇ ਦੋ ਦਿਨਾਂ ਡੀਬੀਐਸ ਸਪੋਰਟਸ ਮੀਟ 2026 ਦਾ ਸਫਲਤਾਪੂਰਵਕ ਆਯੋਜਨ ਡਾ.ਸ਼ਸ਼ੀ ਅਗਰਵਾਲ ਦੀ ਅਗਵਾਈ ਹੇਠ ਵਿਭਾਗ ਦੀ ਖੇਡ ਕਮੇਟੀ ਰਾਹੀਂ ਵਿਭਾਗ ਦੇ ਮੁਖੀ ਡਾ. ਨਰਿੰਦਰ ਕੌਰ ਦੀ ਅਗਵਾਈ ਹੇਠ ਕਰਵਾਇਆ। ਇਹ ਪ੍ਰੋਗਰਾਮ ਦੋ ਦਿਨਾਂ ਤੱਕ ਚੱਲਿਆ, ਜਿਸ ਵਿੱਚ ਪਹਿਲੇ ਦਿਨ ਆਊਟਡੋਰ ਅਤੇ ਦੂਜੇ ਦਿਨ ਇਨਡੋਰ ਖੇਡਾਂ ਖੇਡੀਆਂ ਗਈਆਂ। ਪ੍ਰੋਗਰਾਮ ਦੀ ਸ਼ੁਰੂਆਤ ਡਾ.ਨਰਿੰਦਰ ਕੌਰ ਅਤੇ ਸਪੋਰਟਸ ਕਮੇਟੀ ਵੱਲੋਂ ਮੁੱਖ ਮਹਿਮਾਨ, ਕੈਂਪਸ ਡਾਇਰੈਕਟਰ ਪ੍ਰੋ. ਅਮਨਦੀਪ ਸਿੰਘ ਦੇ ਨਿੱਘਾ ਸਵਾਗਤ ਨਾਲ ਹੋਈ। ਸਪੋਰਟਸ ਕਮੇਟੀ ਵਿੱਚ ਡਾ.ਸ਼ਸ਼ੀ ਅਗਰਵਾਲ, ਡਾ.ਜਗਦੀਪ ਸਿੰਘ, ਡਾ.ਕਪਿਲ ਸ਼ਰਮਾ, ਡਾ. ਰਵੀ ਅਤੇ ਡਾ.ਸੰਤੋਸ਼ ਸ਼ਰਮਾ ਹੋਰਾਂ ਨੇ ਵਿਭਾਗ ਦੇ ਮੁਖੀ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ। ਇਸ ਮੀਟ ਦੌਰਾਨ ਬੈਲੂਨ ਰੇਸ, ਸੈਕ ਰੇਸ, ਲੈਮਨ ਰੇਸ, ਟਗ ਆਫ ਵਾਰ, ਰੱਸੀ ਕੁਦਨਾ, ਸਟੈਪੂ, ਡਾਰਟਸ, ਕੈਰਮ ਅਤੇ ਸ਼ਤਰੰਜ ਆਦਿ ਵਰਗੀਆਂ ਵੱਖ-ਵੱਖ ਮਜ਼ੇਦਾਰ ਅਤੇ ਦਿਲਚਸਪ ਆਊਟਡੋਰ ਅਤੇ ਇਨਡੋਰ ਖੇਡਾਂ ਕਰਵਾਈਆਂ ਗਈਆਂ। ਲਗਭਗ 150 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ, ਖੇਡ ਭਾਵਨਾ ਅਤੇ ਜੋਸ਼ ਨਾਲ ਖੇਡ ਮੀਟ ਵਿੱਚ ਹਿੱਸਾ ਲਿਆ। ਜੇਤੂਆਂ ਨੂੰ ਸੋਨੇ, ਚਾਂਦੀ ਅਤੇ ਕਾਂਸੀ ਦੇ ਤਗਮਿਆਂ ਨਾਲ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਬਲਜਿੰਦਰ ਸਿੰਘ ਨੇ ਲੜਕਿਆਂ ਦੀ ਸ਼੍ਰੇਣੀ ਚੋਂ ਅਤੇ ਰਮਨਦੀਪ ਕੌਰ ਨੇ ਲੜਕੀਆਂ ਦੀ ਸ਼੍ਰੇਣੀ 'ਚੋਂ ਸਰਵੋਤਮ ਅਥਲੀਟ ਦਾ ਖਿਤਾਬ ਜਿੱਤਿਆ। ਵਿਭਾਗ ਦੇ ਮੁਖੀ ਡਾ. ਨਰਿੰਦਰ ਕੌਰ ਨੇ ਖੇਡ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਸਾਰੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਵਧਾਈ ਦਿੱਤੀ। ਡਾ. ਸ਼ਸ਼ੀ ਅਗਰਵਾਲ ਨੇ ਵਿਭਾਗ ਦੇ ਮੁਖੀ ਦਾ ਸਪੋਰਟਸ ਮੀਟ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਧੰਨਵਾਦ ਕੀਤਾ। ਉਨ੍ਹਾਂ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਵਿਭਾਗ ਦੇ ਖੋਜਾਰਥੀ ਵਿਦਿਆਰਥੀਆਂ ਵੱਲੋਂ ਪਾਏ ਕੀਮਤੀ ਯੋਗਦਾਨ ਦੀ ਵੀ ਭਰਪੂਰ ਸ਼ਲਾਘਾ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

## ਬੰਦੀ ਸਿੰਘ ਹਰਚਰਨ ਸਿੰਘ ਦਿੱਲੀ , ਰਵਿੰਦਰਪਾਲ ਸਿੰਘ ਮਹਿਣਾ ਤੇ ਜਗਦੇਵ ਸਿੰਘ ਤਲਾਣੀਆ ਦੀ ਸਜ਼ਾ ਮੁਅੱਤਲ, ਜ਼ਮਾਨਤ ਮਨਜ਼ੂਰ




**ਚੰਡੀਗੜ੍ਹ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਮਈ 2019 ਤੋਂ ਜੇਲ ਵਿਚ ਨਜ਼ਰਬੰਦ ਉਮਰ ਕੈਦੀ ਬੰਦੀ ਸਿੰਘ ਹਰਚਰਨ ਸਿੰਘ ਦਿੱਲੀ , ਰਵਿੰਦਰਪਾਲ ਸਿੰਘ ਮਹਿਣਾ ਤੇ ਜਗਦੇਵ ਸਿੰਘ ਤਲਾਣੀਆ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਦੋਹਰੇ ਬੈਂਚ ਜਸਟਿਸ ਹਰਸਿਮਰਨ ਸਿੰਘ ਸੇਠੀ ਤੇ ਜਸਟਿਸ ਦੀਪਕ ਮਨਚੰਦਾ ਨੇ #NIA ਸਪੈਸ਼ਲ ਕੋਰਟ ਪੰਜਾਬ ਮਨਜੋਤ ਕੌਰ ਵਲੋਂ 2024 ਵਿਚ ਸੁਣਾਈ ਉਮਰ ਕੈਦ ਦੀ ਸਜ਼ਾ ਨੂੰ ਮੁਅੱਤਲ ਕਰਦਿਆਂ ਜ਼ਮਾਨਤ ਦੇ ਦਿੱਤੀ ਹੈ। ਆਉਂਦੇ ਦਿਨਾਂ ਵਿਚ ਜਮਾਨਤੀ ਮੁਚਲਕੇ ਭਰਨ ਤੋਂ ਬਾਅਦ ਤਿੰਨਾ ਸਿੰਘਾਂ ਦੀ ਰਿਹਾਈ ਹੋ ਜਾਵੇਗੀ। ਹਾਈ ਕੋਰਟ ਵਿਚ ਹਰਚਰਨ ਸਿੰਘ ਵੱਲੋਂ ਐਡਵੋਕੇਟ ਨਵਕਿਰਨ ਸਿੰਘ, ਰਵਿੰਦਰਪਾਲ ਵਲੋਂ ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ ਤੇ ਜਗਦੇਵ ਸਿੰਘ ਵਲੋਂ ਐਡਵੋਕੇਟ ਬਲਬੀਰ ਸਿੰਘ ਸੇਵਕ ਪੇਸ਼ ਹੋਏ। ਕੇਸ ਦੇ ਪੈਰਵਾਈ Sikh Legal Assistance Board ਵੱਲੋਂ ਕੀਤੀ ਗਈ।

-ਜਸਪਾਲ ਸਿੰਘ ਮੰਝਪੁਰ, ਮੁਖੀ, ਪੰਜਆਬ ਲਾਇਰਜ਼ 98554-01843

ਆਵਾਜ਼ਿ ਕੌਮ AWAZE QAUM International Newspaper & WEB TV

## ਜ਼ਿਲ੍ਹਾ ਪ੍ਰਸ਼ਾਸਨ ਵਲੋਂ ਬਲੈਕਆਊਟ ਅਤੇ ਮੌਕਡਰਿੱਲ ਅਭਿਆਸ ਸ਼ੁੱਕਰਵਾਰ ਨੂੰ : ਡਿਪਟੀ ਕਮਿਸ਼ਨਰ



**ਹੁਸ਼ਿਆਰਪੁਰ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**- ਜ਼ਿਲਾ ਪ੍ਰਸ਼ਾਸਨ ਵਲੋਂ ਸ਼ੁੱਕਰਵਾਰ ਸ਼ਾਮ ਨੂੰ ਅਭਿਆਸ ਦੇ ਤੌਰ 'ਤੇ ਸਥਾਨਕ ਡੀ.ਏ.ਵੀ. ਕਾਲਜ ਵਿਖੇ ਮੌਕ ਡਰਿੱਲ ਕੀਤੀ ਜਾਵੇਗੀ ਜਿਸਦਾ ਮਕਸਦ ਲੋਕਾਂ ਨੂੰ ਕਿਸੇ ਵੀ ਅਣਸੁਖਾਵੀਂ ਘਟਨਾ ਮੌਕੇ ਪੂਰੀ ਚੌਕਸੀ ਨਾਲ ਬਚਾਅ ਕਰਨਾ ਅਤੇ ਸੁਰੱਖਿਅਤ ਰਹਿਣ ਦਾ ਢੰਗ ਦੱਸਣਾ ਹੈ। ਇਸ ਦੇ ਨਾਲ ਹੀ ਸ਼ੁੱਕਰਵਾਰ ਰਾਤ 8:00 ਵਜੇ ਤੋਂ 8:20 ਵਜੇ ਤੱਕ ਸ਼ਹਿਰ ਵਿਚ ਬਲੈਕਆਊਟ ਅਤੇ ਮੌਕਡਰਿੱਲ ਅਭਿਆਸ ਕਰਵਾਇਆ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸ਼ਹਿਰ ਵਾਸੀਆਂ ਨੂੰ ਬਲੈਕਆਊਟ ਦੇ ਮੱਦੇਨਜ਼ਰ ਕਿਸੇ ਪੱਖੋਂ ਘਬਰਾਉਣ ਜਾਂ ਡਰਨ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਇਹ ਸਿਰਫ਼ ਸਿਵਲ ਡਿਫੈਂਸ ਦੀ ਮਜ਼ਬੂਤੀ ਲਈ ਅਭਿਆਸੀ ਪ੍ਰਕਿਰਿਆ ਹੈ। ਉਨ੍ਹਾਂ ਦੱਸਿਆ ਕਿ ਮੌਕਡਰਿੱਲ ਰਾਹੀਂ ਕਿਸੇ ਵੀ ਹੰਗਾਮੀ ਹਾਲਤ ਵਿਚ ਲੋਕਾਂ ਦੇ ਬਚਾਅ ਅਤੇ ਸੁਰੱਖਿਆ ਲਈ ਚੁੱਕੇ ਜਾਣ ਵਾਲੇ ਕਦਮਾਂ ਦੀ ਰਿਹਰਸਲ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਬਲੈਕਆਊਟ ਤੋਂ ਦੋ ਮਿੰਟ ਪਹਿਲਾਂ ਸਾਇਰਨ ਵਜਾਇਆ ਜਾਵੇਗਾ ਜਿਸ ਉਪਰੰਤ ਬਲੈਕਆਊਟ ਪ੍ਰਕਿਰਿਆ ਸ਼ੁਰੂ ਹੋਵੇਗੀ ਅਤੇ ਕਿਸੇ ਵੀ ਤਰ੍ਹਾਂ ਦੀ ਰੌਸ਼ਨੀ ਨਹੀਂ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹਸਪਤਾਲਾਂ ਅਤੇ ਉਦਯੋਗਿਕ ਅਦਾਰਿਆਂ 'ਚ ਬਲੈਕਆਊਟ ਨਹੀਂ ਹੋਵੇਗਾ ਜਦਕਿ ਬਾਜ਼ਾਰ, ਦੁਕਾਨਾਂ ਅਤੇ ਘਰਾਂ ਵਿਚ ਲਾਈਟਾਂ ਬਿਲਕੁਲ ਬੰਦ ਰਹਿਣਗੀਆਂ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬਲੈਕਆਊਟ ਪ੍ਰਕਿਰਿਆ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਮੁਕੰਮਲ ਤੌਰ 'ਤੇ ਲਾਈਟਾਂ ਬੰਦ ਰੱਖਣ ਵਿਚ ਸਹਿਯੋਗ ਕੀਤਾ ਜਾਵੇ। ਬਲੈਕਆਊਟ ਅਤੇ ਮੌਕਡਰਿੱਲ ਨੂੰ ਲੈ ਕੇ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਤੋਂ ਸੁਚੇਤ ਰਹਿਣ ਦਾ ਸੁਨੇਹਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਹ ਸਿਰਫ਼ ਇਕ ਅਭਿਆਸ ਦੀ ਪ੍ਰਕਿਰਿਆ ਹੈ ਅਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਵਿਚ ਨਹੀਂ ਆਉਣਾ ਚਾਹੀਦਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਬਲੈਕਆਊਟ ਅਤੇ ਮੌਕਡਰਿੱਲ ਨੂੰ ਲੈ ਕੇ ਕੋਈ ਅਫ਼ਵਾਹ ਫੈਲਾਉਂਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਿਵਲ ਡਿਫੈਂਸ ਦੇ ਵਲੰਟੀਅਰਾਂ ਵਲੋਂ ਸਬੰਧਤ ਵਿਭਾਗਾਂ ਦੇ ਸਹਿਯੋਗ ਨਾਲ ਡੀ.ਏ.ਵੀ. ਕਾਲਜ ਵਿਖੇ ਮੌਕਡਰਿੱਲ ਕੀਤੀ ਜਾਵੇਗੀ ਜਿਸ ਦਾ ਮਕਸਦ ਕਿਸੇ ਵੀ ਤਰ੍ਹਾਂ ਦੀ ਘਟਨਾ ਮੌਕੇ ਪੀੜਤ ਤੇ ਪ੍ਰਭਾਵਿਤ ਲੋਕਾਂ ਨੂੰ ਕਿਵੇਂ ਬਚਾਉਣਾ ਹੈ। ਉਨ੍ਹਾਂ ਦੱਸਿਆ ਕਿ ਇਹ ਅਭਿਆਸ ਲੋਕਾਂ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਦੀ ਚੌਕਸੀ ਲਈ ਇਕ ਮਹੱਤਵਪੂਰਨ ਪ੍ਰਕਿਰਿਆ ਹੈ ਜਿਸ ਵਿਚ ਸਭ ਨੂੰ ਆਪਣਾ ਸਾਥ ਦੇਣਾ ਚਾਹੀਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

## ਪਾਕਿਸਤਾਨ ਵਿੱਚ ਜਨਮੇ ਅਰਵੇਲ ਸਿੰਘ ਸੰਧੂ ਨੇ 94 ਸਾਲ ਦੀ ਉਮਰ ਵਿੱਚ ਲਏ ਆਖਰੀ ਸਾਹ




ਤਲਵੰਡੀ ਸਾਬੋ, 23 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਪਾਕਿਸਤਾਨ ਵਿੱਚ ਜਨਮੇ ਅਰਵੇਲ ਸਿੰਘ ਸੰਧੂ ਨੇ 94 ਸਾਲ ਦੀ ਉਮਰ ਵਿੱਚ ਆਖਰੀ ਸਾਹ ਲਏ। ਨੇੜਲੇ ਪਿੰਡ ਜਗਾ ਰਾਮ ਤੀਰਥ ਦੇ ਅਰਵੇਲ ਸਿੰਘ ਸੰਧੂ ਦਾ ਜਨਮ ਪਿੰਡ ਜੰਬਰ, ਤਹਿਸੀਲ ਚੂਨੀਆ, ਜਿਲ੍ਹਾ ਲਾਹੌਰ (ਪਾਕਿਸਤਾਨ) ਦੇ ਲਹਿੰਦੇ ਪੰਜਾਬ ਵਿੱਚ ਹੋਇਆ। 1947 ਦੀ ਵੰਡ ਸਮੇਂ ਉਹਨਾਂ ਦੀ ਉਮਰ 15 ਸਾਲ ਸੀ। ਬਟਵਾਰੇ ਸਮੇਂ ਉਹ ਚੜਦੇ ਪੰਜਾਬ ਦੇ ਪਿੰਡ ਗੱਜੂਖੇੜਾ ਨੇੜੇ ਰਾਜਪੁਰਾ ਵਿਖੇ ਰਹੇ। ਉੱਥੇ ਨਹਿਰੀ ਪਾਣੀ ਨਾ ਹੋਣ ਕਰਕੇ ਉਹਨਾਂ ਨੇ ਆਪਣੀ ਜ਼ਮੀਨ ਦੀ ਅਲਾਟਮੈਂਟ ਪਿੰਡ ਜਗਾ ਰਾਮ ਤੀਰਥ ਕਰਵਾਈ। ਉਸ ਸਮੇਂ ਪਿੰਡ ਜਗਾ ਰਾਮ ਤੀਰਥ ਵਿੱਚ ਵੀ ਰੇਤਲੇ ਅਤੇ ਟਿੱਬਿਆਂ ਵਾਲੀ ਜਮੀਨ ਸੀ ਪਰ ਉਨਾਂ ਬਹੁਤ ਸਖਤ ਮਿਹਨਤ ਕਰਕੇ ਜਮੀਨ ਆਬਾਦ ਕੀਤੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਚੜਦੀਕਲਾ ਵੈਲਫੇਅਰ ਕਲੱਬ ਜਗਾ ਰਾਮ ਤੀਰਥ ਦੇ ਪ੍ਰਧਾਨ ਜੱਗਾ ਸਿੰਘ ਸਿੱਧੂ ਨੇ ਦੱਸਿਆ ਕਿ ਬਾਬਾ ਜੀ ਦਾ ਬਹੁਤ ਵਧੀਆ ਪਰਿਵਾਰ ਹੈ ਜਿਨਾਂ ਵਿੱਚ ਪੁੱਤਰ ਦਲੇਰ ਸਿੰਘ, ਪੋਤਰੇ ਅਵਤਾਰ ਸਿੰਘ, ਇਕਬਾਲ ਸਿੰਘ, ਪੋਤਰੀ ਅਮਨਦੀਪ ਕੌਰ ਨੇ ਬਾਪੂ ਜੀ ਦੀ ਬਹੁਤ ਸੇਵਾ ਕੀਤੀ। ਉਹਨਾਂ ਦਾ ਭੋਗ ਮਿਤੀ 25 ਅਪ੍ਰੈਲ ਦਿਨ ਸ਼ਨੀਵਾਰ ਨੂੰ ਗੁਰਦੁਆਰਾ ਥੰਮ ਸਾਹਿਬ ਵਿਖੇ ਪਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

### ਮਰਹੂਮ ਹਰਭਜਨ ਸਿੰਘ ਹਠੂਰ ਦੀ ਅੰਤਿਮ ਅਰਦਾਸ ਸਮਾਗਮ ਵਿੱਚ

# ਵੱਡੀ ਗਿਣਤੀ ਵਿੱਚ ਗੁਰਸੰਗਤਾਂ ਨੇ ਭਰੀ ਹਾਜਰੀ





**ਹਠੂਰ/ਜਗਰਾਉਂ, 23 ਅਪ੍ਰੈਲ(ਵਰਿਆਮ ਹਠੂਰ)**-ਸਰਦਾਰ ਹਰਭਜਨ ਸਿੰਘ ਹਠੂਰ ਜੋ ਬੀਤੇ ਦਿਨੀਂ ਆਪਣੇ ਸੁਆਸਾਂ ਦੀ ਪੂੰਜੀ ਅਤੇ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੇ ਨਮਿੱਤ ਪ੍ਰਕਾਸ਼ ਕਰਵਾਏ ਸ੍ਰੀ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਇਤਿਹਾਸਕ ਕਸਬਾ ਹਠੂਰ ਵਿਖੇ ਸ਼ਸੋਭਿਤ ਗੁਰਦੁਆਰਾ ਕਲਗੀਧਰ ਸਿੰਘ ਸਭਾ ਵਿਖੇ ਹੋਈ। ਜਿੱਥੇ ਸਵੇਰੇ ਸਤਿਗੁਰਾਂ ਦੀ ਇਲਾਹੀ ਬਾਣੀ ਦੇ ਜਾਪ ਹੋਏ ਤੇ ਪ੍ਰਕਾਸ਼ ਕਰਵਾਏ ਸ਼੍ਰੀ ਸਹਿਜ ਪਾਠ ਦੇ ਭੋਗ ਪਾਏ ਗਏ, ਦੂਰੋ ਨੇੜਿਓ ਰਿਸਤੇਦਾਰਾਂ, ਸਾਕ ਸਬੰਧੀਆਂ, ਗ੍ਰਾਮ ਪੰਚਾਇਤ ਅਤੇ ਨਗਰ ਦੀਆਂ ਗੁਰਸੰਗਤਾਂ ਨੇ ਅੰਤਿਮ ਅਰਦਾਸ ਵਿੱਚ ਹਾਜਰੀ ਭਰੀ ਤੇ ਜੁੱਗੋ ਯੁੱਗ ਅਟੱਲ ਚਵਰ ਛਤਰ ਤਖਤ ਦੇ ਮਾਲਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਸਿਜਦਾ ਭੇਟ ਕੀਤਾ, ਕੀਰਤਨੀ ਜੱਥੇ ਨੇ ਕਥਾ ਕੀਰਤਨ ਦੀਆਂ ਸੇਵਾਵਾਂ ਨਿਭਾਈਆਂ ਤੇ ਇਕੱਤਰ ਗੁਰਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ, ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਰਬਾਰ ਸਾਹਿਬ ਸ਼੍ਰੀ (ਅਮ੍ਰਿਤਸਰ) ਸਾਹਿਬ ਤੋਂ ਭਾਈ ਅਮ੍ਰਿਤਪਾਲ ਸਿੰਘ ਜੀ ਖਾਲਸਾ ਨੇ ਗੁਰਸੰਗਤਾਂ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ ਉਨ੍ਹਾਂ ਕਿਹਾ ਕਿ ਜੋ ਵੀ ਜੱਗ ਤੇ ਆਇਆ ਹੈ। ਜਿਸ ਨੇ ਵੀ ਜੱਗ ਤੇ ਜਨਮ ਲਿਆ ਹੈ। ਉਸ ਨੇ ਇੱਕ ਨਾਂ ਇੱਕ ਦਿਨ ਇਸ ਫਾਨੀ ਸੰਸਾਰ ਨੂੰ ਹਮੇਸਾਂ ਲਈ ਅਲਵਿਦਾ ਆਖ ਜਾਣਾ ਹੈ। ਵਾਰੀ ਸਾਰਿਆਂ ਦੀ ਹੀ ਆਉਣੀ ਹੈ। ਤੇ ਅਸੀਂ ਸਾਰਿਆਂ ਨੇ ਵਾਰੋ ਵਾਰੀ ਇਸ ਜਹਾਨ ਤੋਂ ਹਮੇਸਾਂ ਲਈ ਚਲੇ ਜਾਣਾ ਹੈ। ਜੋ ਸਾਡੇ ਨਾਲ ਜਾਣੀ ਹੈ। ਤੇ ਕੀਤੇ ਹੋਏ ਨਾਮ ਸਿਮਰਨ ਦੀ ਪੂੰਜੀ ਹੀ ਜਾਣੀ ਹੈ ਬਾਕੀ ਸਭ ਦੁਨਿਆਵੀ ਵਸਤੂਆਂ ਇੱਥੇ ਹੀ ਰਹਿ ਜਾਣੀਆਂ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਗੁਰਬਾਣੀ ਦਾ ਪੱਲਾ ਫੜਨਾ ਚਾਹੀਦਾ ਹੈ। ਤੇ ਗੁਰਬਾਣੀ ਪੜ੍ਹ ਕੇ ਉਸ ਤੇ ਅਮਲ ਕਰਨਾ ਚਾਹੀਦਾ ਹੈ। ਵਾਹਿਗੁਰੂ ਸਰਦਾਰ ਹਰਭਜਨ ਸਿੰਘ ਦੀ ਹਮੇਸ਼ਾਂ ਲਈ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਸਥਾਨ ਬਖਸੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ, ਗ੍ਰਾਮ ਪੰਚਾਇਤ ਹਠੂਰ ਅਤੇ ਹੋਰ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਧਿਰਾਂ ਨਾਲ ਸਬੰਧਿਤ ਸਖਸੀਅਤਾਂ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਇਸ ਮੌਕੇ ਸਰਪੰਚ ਜਸਕਮਲਪ੍ਰੀਤ ਸਿੰਘ ਨਿੱਪਾ ਹਠੂਰ, ਹਾਕੀ ਕੋਚ ਪ੍ਰੀਤਮ ਸਿੰਘ ਹਠੂਰ, ਡਾਇਰੈਕਟਰ ਬਲਜੀਤ ਸਿੰਘ ਹਠੂਰ, ਪੰਚ ਮੁਖਤਿਆਰ ਸਿੰਘ, ਬਲਵਿੰਦਰ ਸਿੰਘ ਲੁਧਿਆਣਾ (ਹਠੂਰ ਵਾਲੇ), ਨੰਬਰਦਾਰ ਹਰਨੇਕ ਸਿੰਘ, ਇਕਬਾਲ ਸਿੰਘ, ਗੁਰਮੀਤ ਸਿੰਘ ਮਠਾੜੂ, ਮਿੱਟੂ, ਮੁਖਤਿਆਰ ਸਿੰਘ ਉੱਪਲ, ਸਵਰਨ ਸਿੰਘ, ਧਰਮਿੰਦਰ ਸਿੰਘ, ਕਵੀਸ਼ਰ ਵਾਹਿਗੁਰੂ ਪਾਲ ਸਿੰਘ ਬੁਰਜ ਕਲਾਰਾ, ਜਤਿੰਦਰ ਸਿੰਘ, ਧਰਮਿੰਦਰ ਸਿੰਘ ਮਿੱਤਲ, ਵਾਹਿਗੁਰੂ ਸਿੰਘ, ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ, ਤੇ ਅੰਤਿਮ ਅਰਦਾਸ ਵਿੱਚ ਵੱਡੀ ਗਿਣਤੀ ਵਿੱਚ ਗੁਰਸੰਗਤਾਂ ਹਾਜਰ ਸਨ।

### ਇੰਡੀਅਨ ਇੰਸਟੀਚਿਊਟ ਆ.ਫ ਮੈਨੇਜਮੈਂਟ ਅੰਮ੍ਰਿਤਸਰ ਨੇ ਆਪਣੇ ਛੇਵੇਂ ਬੈਚ ਲਈ

# ਐਗਜ਼ਿਕਿਊਟਿਵ ਐਮਬੀਏ (ਈਐਮਬੀਏ) ਦੇ ਦਾਖਲੇ ਸ਼ੁਰੂ ਕੀਤੇ



**ਚੌਕ ਮਹਿਤਾ, 23 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਇੰਡੀਅਨ ਇੰਸਟੀਚਿਊਟ ਆ.ਫ ਮੈਨੇਜਮੈਂਟ ਅੰਮ੍ਰਿਤਸਰ ਵੱਲੋਂ ਆਪਣੇ ਦੋ ਸਾਲਾਂ ਦੇ ਐਗਜ਼ਿਕਊਟਿਵ ਐਮਬੀਏ (ਈਐਮਬੀਏ) ਪ੍ਰੋਗਰਾਮ ਦੇ ਛੇਵੇਂ ਬੈਚ ਲਈ ਦਾਖਲੇ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਪ੍ਰੋਗਰਾਮ ਖ਼ਾਸ ਤੌਰ 'ਤੇ ਤਜਰਬੇਕਾਰ ਪ੍ਰੋਫੈਸ਼ਨਲਜ਼ ਲਈ ਤਿਆਰ ਕੀਤਾ ਗਿਆ ਹੈ, ਜੋ ਤੇਜ਼ੀ ਨਾਲ ਬਦਲ ਰਹੇ ਗਲੋਬਲ ਬਿਜ਼ਨਸ ਮਾਹੌਲ ਵਿੱਚ ਆਪਣੀ ਲੀਡਰਸ਼ਿਪ ਸਮਰੱਥਾ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ।

ਇਸ ਪ੍ਰੋਗਰਾਮ ਦੀ ਖਾਸ ਵਿਸ਼ੇਸ਼ਤਾ ਡੈਨਮਾਰਕ ਵਿੱਚ ਤਿੰਨ ਦਿਨਾਂ ਦਾ ਇੰਟਰਨੈਸ਼ਨਲ ਇਮਰਸ਼ਨ ਹੈ, ਜੋ ਕੋਪਨਹੇਗਨ ਵਿੱਚ ਡੈਨਿਸ਼ ਕਨਸੋਰਸ਼ਿਅਮ ਫਾਰ ਅਕਾਦਮਿਕ ਕ੍ਰਾਫਟਸਮੈਨਸ਼ਿਪ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ ਹੈ। ਇਸ ਮਾਡਿਊਲ ਰਾਹੀਂ ਸਟੇਕਹੋਲਡਰਸ ਨੂੰ ਸਸਟੇਨੇਬਿਲਟੀ, ਇਨੋਵੇਸ਼ਨ ਅਤੇ ਗਵਰਨੈਂਸ ਦੇ ਸਕੈਂਡੀਨੇਵੀਆਈ ਮਾਡਲ ਬਾਰੇ ਜਾਣਕਾਰੀ ਮਿਲਦੀ ਹੈ

ਛੇਵੇਂ ਬੈਚ ਦੀ ਘੋਸ਼ਣਾ ਸੰਸਥਾ ਦੇ ਡਾਇਰੈਕਟਰ ਪ੍ਰੋ. ਸਮੀਰ ਕੇ. ਸ਼੍ਰੀਵਾਸਤਵਨੇ ਕੀਤੀ। ਇਸ ਮੌਕੇ 'ਤੇ ਈਐਮਬੀਏ ਦੀ ਚੇਅਰਪਰਸਨ ਪ੍ਰੋ. ਵਰਤਿਕਾ ਦੱਤਾ ਵੀ ਮੌਜੂਦ ਸਨ। ਡਾਇਰੈਕਟਰ ਨੇ ਕਿਹਾ ਕਿ ਐਗਜ਼ਿਕਊਟਿਵ ਐਜੂਕੇਸ਼ਨ ਸਿਰਫ਼ ਗਿਆਨ ਪ੍ਰਾਪਤੀ ਨਹੀਂ, ਸਗੋਂ ਇੱਕ ਬਦਲਾਅਕਾਰੀ ਯਾਤਰਾ ਹੈ, ਜੋ ਗਲੋਬਲ ਸੋਚ ਅਤੇ ਨੈਤਿਕ ਫ਼ੈਸਲੇ ਕਰਨ ਦੀ ਯੋਗਤਾ ਨੂੰ ਵਿਕਸਿਤ ਕਰਦੀ ਹੈ

ਇਹ ਪ੍ਰੋਗਰਾਮ ਬਲੈਂਡਡ ਲਰਨਿੰਗ ਫਾਰਮੈਟ 'ਚ ਕਰਵਾਇਆ ਜਾਂਦਾ ਹੈ, ਜਿਸ ਵਿੱਚ ਆਨਲਾਈਨ ਇੰਟਰਐਕਟਿਵ ਸੈਸ਼ਨ, ਕੈਂਪਸ ਮਾਡਿਊਲ ਅਤੇ ਅੰਤਰਰਾਸ਼ਟਰੀ ਤਜਰਬਾ ਸ਼ਾਮਲ ਹੁੰਦਾ ਹੈ। ਇਸ ਵਿੱਚ 750 ਘੰਟਿਆਂ ਤੋਂ ਵੱਧ ਦਾ ਵਿਸਤ੍ਰਿਤ ਟ੍ਰੇਨਿੰਗ ਪ੍ਰੋਗਰਾਮ ਹੈ, ਜਿਸ ਵਿੱਚ ਲਾਈਵ ਵਰਚੁਅਲ ਕਲਾਸਾਂ ਅਤੇ ਪ੍ਰੈਕਟਿਕਲ ਸਿੱਖਿਆ ਦਾ ਸੰਤੁਲਨ ਬਣਾਇਆ ਗਿਆ ਹੈ।

ਇਸ ਕੋਰਸ ਵਿੱਚ 3 ਤੋਂ 15 ਸਾਲ ਜਾਂ ਇਸ ਤੋਂ ਵੱਧ ਤਜਰਬੇ ਵਾਲੇ ਮਿਡ-ਕੈਰੀਅਰ ਮੈਨੇਜਰ, ਸੀਨੀਅਰ ਲੀਡਰ ਅਤੇ ਉਦਯੋਗਪਤੀ ਹਿੱਸਾ ਲੈ ਸਕਦੇ ਹਨ। ਇਹ ਭਾਗੀਦਾਰ ਆਈਟੀ, ਬੈਂਕਿੰਗ, ਕਨਸਲਟਿੰਗ, ਮੈਨੂਫੈਕਚਰਿੰਗ, ਐਨਰਜੀ ਅਤੇ ਪਬਲਿਕ ਸੈਕਟਰ ਵਰਗੇ ਖੇਤਰਾਂ ਤੋਂ ਹੁੰਦੇ ਹਨ ਛੇ ਟਰਮਾਂ ਵਿੱਚ ਵੰਡਿਆ ਗਿਆ ਇਹ ਕੋਰਸ ਬੇਸਿਕ ਵਿਸ਼ਿਆਂ ਤੋਂ ਸ਼ੁਰੂ ਹੋ ਕੇ ਸਟ੍ਰੈਟਜੀ, ਚੇਂਜ ਮੈਨੇਜਮੈਂਟ ਅਤੇ ਲੀਡਰਸ਼ਿਪ ਤੱਕ ਪਹੁੰਚਦਾ ਹੈ। ਇਸ ਦੇ ਨਾਲ ਹੀ ਮਾਰਕੀਟਿੰਗ, ਫਾਇਨੈਂਸ, ਅਕਾਊਂਟਿੰਗ, ਆਰਗੇਨਾਈਜ਼ੇਸ਼ਨਲ ਬਿਹੇਵਿਅਰ, ਐਚਆਰ, ਆਪਰੇਸ਼ਨਜ਼, ਇਕਨਾਮਿਕਸ ਅਤੇ ਆਈਟੀ ਵਿੱਚ ਵੀ ਵਿਸ਼ੇਸ਼ਤਾ ਹਾਸਲ ਕਰਨ ਦੇ ਵਿਕਲਪ ਮਿਲਦੇ ਹਨ। ਅਮ੍ਰਿਤਸਰ ਕੈਂਪਸ ਵਿੱਚ ਇਮਰਸ਼ਨ ਦੌਰਾਨ ਹਿੱਸੇਦਾਰਾਂ ਨੂੰ ਵਰਕਸ਼ਾਪਾਂ, ਉਦਯੋਗ ਮਾਹਿਰਾਂ ਨਾਲ ਗੱਲਬਾਤ ਅਤੇ ਲੀਡਰਸ਼ਿਪ ਸੈਸ਼ਨਾਂ ਦਾ ਤਜਰਬਾ ਮਿਲਦਾ ਹੈ, ਜਦਕਿ ਡੈਨਮਾਰਕ ਇਮਰਸ਼ਨ ਉਨ੍ਹਾਂ ਨੂੰ ਗਲੋਬਲ ਬਿਜ਼ਨਸ ਮਾਹੌਲ ਨਾਲ ਜੋੜਦਾ ਹੈ। ਇਹ ਪ੍ਰੋਗਰਾਮ ਟਾਈਮਜ਼ਪ੍ਰੋ ਦੇ ਇੰਟਰਐਕਟਿਵ ਲਰਨਿੰਗ ਪਲੇਟਫਾਰਮ ਰਾਹੀਂ ਚਲਾਇਆ ਜਾਂਦਾ ਹੈ ਅਤੇ ਇਸਦੀ ਮੁਲਾਂਕਣ ਪ੍ਰਕਿਰਿਆ ਵਿੱਚ ਅਸਾਈਨਮੈਂਟ, ਇਮਤਿਹਾਨ, ਫੀਲਡ ਪ੍ਰੋਜੈਕਟ ਅਤੇ ਸਟ੍ਰੈਟਜਿਕ ਸਿਮੂਲੇਸ਼ਨ ਸ਼ਾਮਲ ਹਨ। ਦਾਖਲਾ ਪ੍ਰਕਿਰਿਆ ਵਿੱਚ ਆਈ.ਆਈ.ਐਮ. ਅਮ੍ਰਿਤਸਰ ਦੀ ਐਂਟ੍ਰੈਂਸ ਟੈਸਟ ਸ਼ਾਮਲ ਹੈ, ਜਦਕਿ ਉਮੀਦਵਾਰ ਵੈਧ ਕੈਟ,,ਜੀ.ਆਰ.ਈ. ਜਾਂ ਜੀ.ਐਮ.ਏ.ਟੀ. ਸਕੋਰ ਵੀ ਦੇ ਸਕਦੇ ਹਨ। ਪ੍ਰੋਗਰਾਮ ਪੂਰਾ ਕਰਨ ਉਪਰੰਤ ਹਿੱਸੇਦਾਰਾਂ ਨੂੰ ਆਈਆਈਐਮ ਅਮ੍ਰਿਤਸਰ ਦੇ ਮਾਣਯੋਗ ਐਲਮੁਨਾਈ ਨੈੱਟਵਰਕ ਦਾ ਹਿੱਸਾ ਬਣਨ ਦਾ ਮੌਕਾ ਮਿਲਦਾ ਹੈ।

# ਸਰਕਾਰੀ ਮਿਡਲ ਸਕੂਲ ਢੱਡੇ ਵਿਖੇ ਪੰਜਾਬ ਸਰਕਾਰ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਗਏ ਚਾਰ ਕੰਪਿਊਟਰ-ਸਰਪੰਚ ਧੰਨਾ ਸਿੰਘ ਢੱਡੇ



**ਚੌਕ ਮਹਿਤਾ, 23 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਪੰਜਾਬ ਸਰਕਾਰ ਨੇ ਰਾਜ ਭਰ ਦੇ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਅਤੇ ਇੰਟਰਐਕਟਿਵ ਫਲੈਟ ਪੈਨਲ ਪ੍ਰਦਾਨ ਕਰਕੇ ਕਲਾਸਰੂਮ ਸਿੱਖਿਆ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਡਿਜੀਟਲ ਕ੍ਰਾਂਤੀ ਸ਼ੁਰੂ ਕੀਤੀ ਹੈ। ਇਸ ਪਹਿਲਕਦਮੀ ਦਾ ਉਦੇਸ਼ ਸਰਕਾਰੀ ਸਕੂਲਾਂ ਵਿੱਚ ਡਿਜੀਟਲ ਬੁਨਿਆਦੀ ਢਾਂਚੇ ਨੂੰ ਮਹੱਤਵਪੂਰਨ ਢੰਗ ਨਾਲ ਵਧਾਉਣਾ ਹੈ ।ਸਰਕਾਰੀ ਮਿਡਲ ਸਕੂਲ ਢੱਡੇ ਵਿਖੇ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਦਿੱਤੇ ਗਏ ਕੰਪਿਊਟਰਾਂ ਦਾ ਸਮਾਗਮ ਕਰਵਾਇਆ ਗਿਆ। ਇਸ ਸਮੇਂ ਸਕੂਲ ਹੈਡ ਟੀਚਰ ਸ਼੍ਰੀਮਤੀ ਗੁਰਪ੍ਰੀਤ ਕੌਰ, ਕੰਪਿਊਟਰ ਅਧਿਆਪਕ ਸ. ਬਿਕਰਮਜੀਤ ਸਿੰਘ, ਸ. ਧੰਨਾ ਸਿੰਘ ਸਰਪੰਚ ਪਿੰਡ ਢੱਡੇ, ਸਾਬਕਾ ਸਰਪੰਚ ਮਨਜੀਤ ਸਿੰਘ, ਮੈਂਬਰ ਪੰਚਾਇਤ ਹਰਜੀਤ ਸਿੰਘ, ਹਰਜੀਤ ਸਿੰਘ, ਮੈਂਬਰ ਸਕੂਲ, ਸਮੂਹ ਵਿਦਿਆਰਥੀ ਅਤੇ ਉਹਨਾਂ ਦੇ ਮਾਪੇ ਹਾਜ਼ਰ ਸਨ।

# ਅਮਰੀਕਾ ਅਤੇ ਈਰਾਨ ਸੰਜਮ ਤੋਂ ਕੰਮ ਲੈਣ : ਪਠਲਾਵਾ ਸੰਸਥਾ



ਲਗਭਗ ਪੌਣੇ ਦੋ ਮਹੀਨੇ ਪਹਿਲਾਂ ਅਮਰੀਕਾ ਅਤੇ ਇਜ਼ਰਾਈਲ ਵਲੋਂ ਈਰਾਨ ਤੇ ਹਮਲਾ ਕੀਤਾ ਗਿਆ ਸੀ। ਭਾਵੇਂ ਅਮਰੀਕਾ ਅਤੇ ਇਜ਼ਰਾਈਲ ਖੁਦ ਐਟਮੀ ਤਾਕਤਾਂ ਵਜੋਂ ਦੁਨੀਆਂ ਵਿਚ ਆਪਣੀ ਦੌਂਸ ਦਿਖਾ ਰਹੇ ਹਨ ,ਪਰ ਅਮਰੀਕਾ ਦੀ ਇਹ ਜ਼ਿੱਦ ਹੈ ਕਿ ਉਹ ਈਰਾਨ ਨੂੰ ਇਕ ਐਟਮੀ ਤਾਕਤ ਵਜੋਂ ਨਹੀਂ ਵੇਖਣਾ ਚਾਹੁੰਦਾ ।ਇਸ ਲਈ ਆਪਣਾ ਦਬਦਬਾ ਕਾਇਮ ਕਰਨ ਲਈ ਅਮਰੀਕਾ ਅਤੇ ਇਜ਼ਰਾਈਲ ਵਲੋਂ ਈਰਾਨ ਦੇ ਵੱਖ ਵੱਖ ਸ਼ਹਿਰਾਂ ਉਪਰ ਮਿਜ਼ਾਈਲਾਂ ਨਾਲ ਤਾਬੜਤੋੜ ਹਮਲੇ ਕੀਤੇ ਗਏ। ਇਥੇ ਹੀ ਬਸ ਨਹੀਂ ਇਹਨਾਂ ਤਾਕਤਾਂ ਵਲੋਂ ਈਰਾਨ ਦੇ ਇਕ ਸਕੂਲ ਦੇ ਉਪਰ ਬੰਬ ਬਰਸਾਏ ਗਏ ।ਸੈਂਕੜਿਆਂ ਦੀ ਗਿਣਤੀ ਵਿਚ ਬੱਚੇ ਮਾਰੇ ਗਏ ।ਅਮਰੀਕਾ ਦੀ ਇਸ ਘਿਨੌਣੀ ਕਾਰਵਾਈ ਨੂੰ ਪੂਰੇ ਵਿਸ਼ਵ ਵਿਚ ਭੰਡਿਆ ਗਿਆ। ਈਰਾਨ ਵਲੋਂ ਵੀ ਇਜ਼ਰਾਈਲ ਨੂੰ ਨਿਸ਼ਾਨਾ ਬਣਾ ਕੇ ਜਬਾਵੀ ਉਸ ਉਪਰ ਹਮਲੇ ਕੀਤੇ ਗਏ। ਈਰਾਨ ਵਲੋਂ ਹੋਰਮੁਜ ਜਲਡਮਰੂ ਤੇ ਸਮੁੰਦਰੀ ਜਹਾਜ਼ਾਂ ਦੀ ਆਵਾਜਾਈ ਨੂੰ ਰੋਕ ਦਿਤਾ ਗਿਆ ਜਿਸ ਨਾਲ ਕੱਚੇ ਤੇਲ ਦੀਆਂ ਕੀਮਤਾਂ ਅਸਮਾਨੀ ਚੜ੍ਹਨੀਆਂ ਸ਼ੁਰੂ ਹੋ ਗਈਆਂ। ਭਾਵੇਂ ਇਹ ਲੜਾਈ ਕੁਝ ਮੁਲਕਾਂ ਵਿਚਾਲੇ ਹੋ ਰਹੀ ਹੈ ਪਰ ਇਸਦਾ ਸੇਕ ਪੂਰੇ ਵਿਸ਼ਵ ਦੇ ਦੇਸ਼ਾਂ ਨੂੰ ਝੱਲਣਾ ਪੈ ਰਿਹਾ ਹੈ। ਖਾੜੀ ਦੇ ਮੁਲਕ ਜਿਥੇ ਅਮਰੀਕਾ ਦੇ ਏਅਰਬੇਸ ਅੱਡੇ ਬਣੇ ਹੋਏ ਹਨ ਉਹਨਾਂ ਉਪਰ ਈਰਾਨ ਵਲੋਂ ਬੰਬਾਰੀ ਕੀਤੀ ਗਈ ਇਸਦਾ ਨਤੀਜਾ ਇਹ ਸਾਹਮਣੇ ਆਇਆ ਕਿ ਰੋਜ਼ੀ ਰੋਟੀ ਲਈ ਬਾਹਰਲੇ ਦੇਸ਼ਾਂ ਤੋਂ ਆਏ ਲੋਕ ਕੰਮਾਂ ਕਾਰਾਂ ਤੋਂ ਬਾਂਝੇ ਹੋਣ ਲੱਗ ਪਏ। ਬੜੀ ਖੁਸ਼ੀ ਦੀ ਗੱਲ ਹੈ ਕਿ ਪਾਕਿਸਤਾਨ ਵਲੋਂ ਇਸ ਯੁੱਧ ਨੂੰ ਰੋਕਣ ਲਈ ਵਿਚੋਲਗਿਰੀ ਕੀਤੀ ਗਈ ਕੁਝ ਹਫ਼ਤਿਆਂ ਲਈ ਜੰਗਬੰਦੀ ਦਾ ਐਲਾਨ ਕੀਤਾ ਗਿਆ । ਪਰ ਅਮਰੀਕਾ ਦਾ ਰਾਸ਼ਟਰਪਤੀ ਡੋਨਲਡ ਟਰੰਪ ਵਲੋਂ ਵੱਖ ਵੱਖ ਕਿਸਮ ਦੀ ਬਿਆਨਬਾਜ਼ੀ ਕਰਕੇ ਹਾਲਤਾਂ ਨੂੰ ਹੋਰ ਵਿਗਾੜ ਰਿਹਾ ਹੈ। ਮੌਜੂਦਾ ਵਰਤਮਾਨ ਸਥਿਤੀ ਦੇ ਸੰਦਰਭ ਵਿਚ ਅੰਤਰਰਾਸ਼ਟਰੀ ਸੰਸਥਾਵਾਂ ਜਿਨਾਂ ਵਿੱਚ ਸੰਯੁਕਤ ਰਾਸ਼ਟਰ ਸੰਘ ਵੀ ਹੈ,ਨੂੰ ਆਪਣੀ ਅਸਰਦਾਰ ਜ਼ਿਮੇਵਾਰੀ ਨਿਭਾਉਣ ਲਈ ਅੱਗੇ ਆਉਣ ਚਾਹੀਦਾ ਹੈ। ਭਾਵੇਂ ਈਰਾਨ ਆਪਣੇ ਸਵੈਂ ਮਾਣ ਦੀ ਰੱਖਿਆ ਲਈ ਲੜਾਈ ਲੜ ਰਿਹਾ ਹੈ ਪਰ ਇਹ ਪੂਰੇ ਵਿਸ਼ਵ ਲਈ ਵੱਡਾ ਖਤਰਾ ਬਣਦਾ ਨਜ਼ਰ ਆ ਰਿਹਾ ਹੈ।

ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਦੇ ਚੇਅਰਮੈਨ ਸ ਇੰਦਰਜੀਤ ਸਿੰਘ ਵਾਰੀਆ, ਸੀਨੀਅਰ ਉਪ ਚੇਅਰਮੈਨ ਸ ਤਰਲੋਚਨ ਸਿੰਘ ਵਾਰੀਆ, ਸਰਪ੍ਰਸਤ ਸ ਬਲਵੀਰ ਸਿੰਘ ਐਕਸ ਆਰਮੀ ਸਾਹਿਬ, ਪ੍ਰਧਾਨ ਸ ਪ੍ਰਮਜੀਤ ਸਿੰਘ ਸੂਰਾਪੁਰ, ਕਾਰਜਕਾਰੀ ਪ੍ਰਧਾਨ ਸ ਬਲਵੀਰ ਸਿੰਘ ਯੂ ਕੇ ਸਾਹਿਬ, ਜਨਰਲ ਸਕੱਤਰ ਮਾ ਤਰਲੋਚਨ ਸਿੰਘ ਪਠਲਾਵਾ, ਮੀਡੀਆ ਇੰਚਾਰਜ ਹਰਜੀਤ ਸਿੰਘ ਜੀਤਾ,ਉਪ ਪ੍ਰਧਾਨ ਸ੍ਰੀ ਸਤੀਸ਼ ਕੁਮਾਰ ਐਮਾਂ ਜਟਾਂ, ਸੰਦੀਪ ਕੁਮਾਰ ਗੌੜ,ਸ ਅਮਰਜੀਤ ਸਿੰਘ ਸੂਰਾਪੁਰ, ਆਤਮਾਂ ਸਿੰਘ ਸੂਰਾਪੁਰ, ਪ੍ਰੋ ਚਰਨਜੀਤ ਸਿੰਘ ਪੋਸੀ , ਸੰਸਥਾ ਦੇ ਮੁੱਖ ਬੁਲਾਰੇ ਲੈਕਚਰਾਰ ਤਰਸੇਮ ਪਠਲਾਵਾ,ਡਾ ਕੁਲਦੀਪ ਰਾਜ ਬੰਗਾ, ਪਰਵਿੰਦਰ ਸਿੰਘ ਰਾਣਾ, ਰਮੇਸ਼ ਕੁਮਾਰ ਪਠਲਾਵਾ, ਪ੍ਰੈਸ ਸਕੱਤਰ ਜੀ ਚੰਨੀ ਪਠਲਾਵਾ ਸ ਹਰਪ੍ਰੀਤ ਸਿੰਘ ਖਾਲਸਾ, ਜਤਿੰਦਰਪਾਲ ਸਿੰਘ ਸੂਰਾਪੁਰ,ਸਮੂਹ ਅਹੁਦੇਦਾਰ ਅਤੇ ਮੈਂਬਰਾਨ ਸਮੇਂਤ ਇਸਤਰੀ ਵਿੰਗ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਸਮੇਤ ਇਸ ਖਿੱਤੇ ਵਿਚ ਆਪਣਾ ਅਸਰ ਰਸੂਖ ਰੱਖਣ ਵਾਲੇ ਲੀਡਰਾਂ ਅਤੇ ਅਮਨ ਪਸੰਦ ਦੇਸ਼ਾਂ ਨੂੰ ਪੁਰ ਜ਼ੋਰ ਅਪੀਲ ਕਰਦੇ ਹਨ ਕਿ ਅਮਰੀਕਾ, ਇਜ਼ਰਾਈਲ ਅਤੇ ਇਰਾਨ ਵਿਚਕਾਰ ਚਲ ਰਹੇ ਇਸ ਯੁੱਧ ਨੂੰ ਰੋਕਣ ਲਈ ਯਤਨ ਤੇਜ਼ ਕੀਤੇ ਜਾਣ।

**-ਹਰਪ੍ਰੀਤ ਸਿੰਘ ਪਠਲਾਵਾ**

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
AWAZE QAUM International Newspaper & WEB TV
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

73ਵੀਂ ਸੋਧ ਮੁਤਾਬਕ ਅਧਿਕਾਰਾਂ ਦਾ ਵਿਕੇਂਦਰੀਕਰਨ ਕਰਕੇ ਲੋਕਲ ਸੰਸਥਾਵਾਂ ਨੂੰ ਅਧਿਕਾਰ ਸੋਪੇਂ ਜਾਣ - ਸਰਪੰਚ ਸੁਖਰਾਜ ਕਾਹਲੋਂ

# ਪਿੰਡਾਂ ਦੇ ਵਿਕਾਸ ਕਾਰਜਾਂ ਦੀ ਯੋਜਨਾਬੰਦੀ ਹੇਠਲੇ ਪੱਧਰ ਤੋਂ ਸ਼ੁਰੂ ਕਰਨ ਦੇ ਅਧਿਕਾਰ ਦਿੱਤੇ ਜਾਣ



**ਚੌਕ ਮਹਿਤਾ, 23 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ )-** ਭਾਰਤ ਨੂੰ ਪਿੰਡਾਂ ਦਾ ਦੇਸ਼ ਕਿਹਾ ਜਾਂਦਾ ਹੈ , ਭਾਰਤ ਦੀ 65 % ਅਬਾਦੀ ਪਿੰਡਾਂ ਵਿੱਚ ਵਸਦੀ ਹੈ, ਦੇਸ਼ ਦੀ ਪਾਰਲੀਮੈਂਟ ਵੱਲੋਂ ਪੇਂਡੂ ਲੋਕਾਂ ਨੂੰ ਆਪਣਾ ਆਰਥਿਕ, ਸਮਾਜਿਕ, ਸਭਿਆਚਾਰਕ ਜੀਵਨ ਪੱਧਰ ਉੱਚਾ ਚੁੱਕਣ, ਭ੍ਰਿਸ਼ਟਾਚਾਰ ਨੂੰ ਠੱਲ ਪਾਉਣ, ਪਿੰਡ ਦੀ ਤਰੱਕੀ ਵਿੱਚ ਹਰ ਇੱਕ ਪਿੰਡ ਵਾਸੀ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਤੇ ਰਾਜ ਸੱਤਾ ਦੀ ਵੰਡ ਹੇਠਲੇ ਪੱਧਰ ਤੱਕ ਕਰਨ ਅਤੇ ਪੇਂਡੂ ਤਰੱਕੀ ਲਈ ਕੇਂਦਰ ਸਰਕਾਰ ਵੱਲੋਂ ਭੇਜੇ ਜਾ ਰਹੇ ਫੰਡਾਂ ਨੂੰ ਸਹੀ ਢੰਗ ਨਾਲ ਇਸਤੇਮਾਲ ਕਰਨ ਲਈ ਲਈ ਵੱਖ-ਵੱਖ ਸਮੇਂ ਮਾਹਿਰਾਂ ਦੀਆਂ ਕਮੇਟੀਆਂ ਬਣਾ ਸੁਝਾਓ ਲਏ ਗਏ। ਜਿਨਾਂ ਵਿੱਚ ਬਲਵੰਤ ਰਾਏ ਕਮੇਟੀ, ਅਸ਼ੋਕ ਮਹਿਤਾ ਕਮੇਟੀ, ਬੀ ਕੇ ਰਾਓ ਕਮੇਟੀ ਤੇ ਸਿੰਘਵੀ ਕਮੇਟੀਆਂ ਪ੍ਰਮੁੱਖ ਹਨ ਤੇ ਇਹਨਾਂ ਮਾਹਿਰਾਂ ਦੀ ਰਾਇ 'ਤੇ 1992 ਵਿੱਚ '73ਵੀਂ ਸੰਵਿਧਾਨ ਸੋਧ' ਐਕਟ ਪਾਸ ਕੀਤਾ ਗਿਆ। ਇਸ ਸਬੰਧੀ ਵਿਸਥਾਰਪੂਰਵਕ ਚਾਨਣਾ ਪਾਉਂਦਿਆਂ ਰਾਸ਼ਟਰਪਤੀ ਅਵਾਰਡ ਪ੍ਰਾਪਤ ਪਿੰਡ ਪੇਰੋਸ਼ਾਹ ਦੇ ਸਰਪੰਚ ਸੁਖਰਾਜ ਸਿੰਘ ਪੇਰੋਸ਼ਾਹ ਨੇ ਦੱਸਿਆ ਕਿ ਪਿੰਡ ਦੀ ਤਰੱਕੀ ਵਿੱਚ ਹਰ ਪਿੰਡ ਵਾਸੀ ਦਾ ਯੋਗਦਾਨ, ਪਾਰਦਰਸ਼ਤਾ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਬੰਧ ਰੱਖਣ ਲਈ ਇਸਨੂੰ ਤਿੰਨ ਪੜਾਵਾਂ ਜਿਲਾ ਪ੍ਰੀਸ਼ਦ, ਪੰਚਾਇਤ ਸੰਮਤੀ ਤੇ ਪਿੰਡ ਪੱਧਰ ਦੀਆਂ ਪੰਚਾਇਤਾਂ ਵਿੱਚ ਵੰਡਿਆ ਗਿਆ। ਇਸ ਨੂੰ ਤਿੰਨ ਟਾਇਰੀ ਸਿਸਟਮ ਦਾ ਨਾਮ ਦਿੱਤਾ ਗਿਆ ਪੰਚਾਇਤੀ ਰਾਜ ਨੂੰ 1993 ਦੇ 73ਵੇਂ ਸੰਵਿਧਾਨਕ ਸੋਧ ਐਕਟ ਦੁਆਰਾ ਸੰਵਿਧਾਨਕ ਰੂਪ ਦਿੱਤਾ ਗਿਆ ਸੀ। ਇਹ ਬਿੱਲ 22 ਦਸੰਬਰ 1992 ਨੂੰ ਲੋਕ ਸਭਾ ਅਤੇ 23 ਦਸੰਬਰ 1992 ਨੂੰ ਰਾਜ ਸਭਾ ਦੁਆਰਾ ਪਾਸ ਕੀਤਾ ਗਿਆ ਸੀ। ਬਾਅਦ ਵਿੱਚ ਇਸਨੂੰ 17 ਰਾਜਾਂ ਦੀਆਂ ਅਸੈਂਬਲੀਆਂ ਦੁਆਰਾ ਪ੍ਰਵਾਨਗੀ ਦਿੱਤੀ ਗਈ ਸੀ ਇਸ ਸੰਪੂਰਨ ਪੰਚਾਇਤੀ ਰਾਜ ਪ੍ਰਣਾਲੀ ਸਿਸਟਮ ਦੇ ਐਕਟ ਨੂੰ 20 ਅਪ੍ਰੈਲ 1993 ਨੂੰ ਰਾਸ਼ਟਰਪਤੀ ਵੱਲੋਂ ਪ੍ਰਵਾਨ ਕਰ ਲਿਆ ਗਿਆ ਅਤੇ 24 ਅਪ੍ਰੈਲ 1993 ਤੋਂ ਲਾਗੂ ਹੋ ਗਿਆ ਤੇ ਹਰ ਸਾਲ 24 ਅਪ੍ਰੈਲ ਨੂੰ ਭਾਰਤ ਵਿੱਚ ਪੰਚਾਇਤੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ,ਇੱਥੇ ਇਹ ਦੱਸਣਯੋਗ ਹੈ ਕਿ ਪੰਜਾਬ ਵਿਚ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਨੇ 21 ਅਪ੍ਰੈਲ 1994 ਨੂੰ ਪੰਚਾਇਤੀ ਐਕਟ ਪਾਸ ਕੀਤਾ ਸੀ ।

73ਵੀਂ ਸੰਵਿਧਾਨਕ ਸੋਧ ਫੈਡਰਲ ਢਾਂਚੇ ਦੀ ਸਹੀ ਅਰਥਾਂ ਵਿਚ ਤਰਜੁਮਾਨੀ ਹੈ। ਜਿਸ ਤਰਾਂ ਕੇਂਦਰ ਵੱਲੋਂ ਸੂਬਿਆਂ ਨੂੰ ਕਈ ਅਧਿਕਾਰ (ਹੱਕ) ਮਿਲੇ ਹੋਏ ਹਨ ਉਸੇ ਤਰਾਂ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਹੱਕ ਮੁਹੱਈਆ ਕਰਵਾਉਣੇ ਹਨ। ਭਾਰਤੀ ਸੰਵਿਧਾਨ ਦੀ 73ਵੀਂ ਸੰਵਿਧਾਨਕ ਸੋਧ ਮੁਤਾਬਕ ਪੰਚਾਇਤੀ ਰਾਜ ਸੰਸਥਾਵਾਂ ਹੁਣ ਸੱਤਾ ਦਾ ਅਹਿਮ ਹਿੱਸਾ ਹਨ।

**ਸ ਕਾਹਲੋਂ ਨੇ ਕਿਹਾ ਕਿ ਪੰਚਾਇਤਾਂ ਖੁਦ 'ਸਰਕਾਰ' ਹਨ** - ਪੰਜਾਬ ਪੰਚਾਇਤੀ ਰਾਜ ਐਕਟ, 1994 ਅਤੇ ਪੰਜਾਬ ਪੰਚਾਇਤੀ ਰਾਜ (ਗ੍ਰਾਮ ਪੰਚਾਇਤ) ਨਿਯਮ, 2012 ਅਨੁਸਾਰ ਪਿੰਡ ਪੰਚਾਇਤ ਅਸਲ ਅਰਥਾਂ ਵਿੱਚ ਸਥਾਨਕ ਸਰਕਾਰ ਹੈ। ਪਰ ਕਿਉਂਕਿ ਪਿੰਡ ਪੰਚਾਇਤਾਂ ਆਮ ਕਰ ਕੇ ਇਹਨਾਂ ਅਧਿਕਾਰਾਂ ਪ੍ਰਤੀ ਜਾਗਰੂਕ ਨਹੀਂ ਹਨ, ਇਸ ਲਈ ਉਹ ਆਪਣੇ ਅਧਿਕਾਰਾਂ ਦੀ ਵਰਤੋਂ ਨਹੀਂ ਕਰਦੀਆਂ। ਪਿੰਡ ਵਿਚਲੀਆਂ ਸਰਕਾਰੀ ਸੰਸਥਾਵਾਂ ਦੀ ਨਿਗਰਾਨੀ ਵੀ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਸ਼ਾਮਲ ਹੈ। ਪਿੰਡਾਂ ਦੀਆਂ ਪੰਚਾਇਤਾਂ ਨੂੰ ਪੰਚਾਇਤੀ ਕਨੂੰਨ ਅਧੀਨ ਬਹੁਤ ਸਾਰੇ ਅਧਿਕਾਰ ਮਿਲੇ ਹੋਏ ਹਨ।

'ਪੰਚਾਇਤੀ ਰਾਜ ਐਕਟ' ਜੋ ਪਿੰਡ ਵਾਸੀਆਂ ਨੂੰ ਆਪਣੇ ਪਿੰਡਾਂ ਤੇ ਇਲਾਕੇ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਵਿਕਾਸ -ਸਕੀਮਾਂ ਨੂੰ ਆਪਸ ਵਿਚ ਮਿਲ ਬੈਠ ਕੇ ਉਲੀਕਣ ਤੇ ਪਾਰਦਰਸ਼ਤਾ ਨਾਲ ਸਿਰੇ ਚੜਾਉਣ ਦੇ ਅਧਿਕਾਰ ਦਿੰਦਾ ਹੈ,ਨੂੰ ਅਸਲ ਰੂਪ 'ਚ ਪੰਜਾਬ ਸਰਕਾਰ ਨੇ ਲਾਗੂ ਨਹੀਂ ਕੀਤਾ। ਜਿਸ ਕਾਰਨ ਕੇਂਦਰ ਸਰਕਾਰ ਵਲੋਂ ਪੰਜਾਬ ਦੇ ਪਿੰਡਾਂ ਨੂੰ ਭੇਜੇ ਜਾਂਦੇ ਫੰਡ ਤੇ ਗ੍ਰਾਂਟਾਂ ਦਾ ਵੱਡਾ ਹਿੱਸਾ ਅਫਸਰਸ਼ਾਹੀ ਤੇ ਸਿਆਸਤਦਾਨਾਂ ਦੀ ਇੱਛਾ ਅਨੁਸਾਰ ਤਬਦੀਲ ਕਰ ਦਿੱਤਾ ਜਾਂਦਾ ਹੈ ।

ਇਸੇ ਕਾਰਨ ਸ਼ਹਿਰਾਂ ਦੇ ਬਰਾਬਰ ਅੱਜ ਤੱਕ ਪਿੰਡਾਂ ਦਾ ਵਿਕਾਸ ਨਹੀਂ ਹੋ ਸਕਿਆ ਅਤੇ ਪਿੰਡਾਂ ਦੇ ਲੋਕ ਗਲੀਆਂ-ਨਾਲੀਆਂ, ਪੀਣ ਵਾਲੇ ਸਾਫ਼ ਪਾਣੀ ਤੋਂ ਵਾਂਝੇ ਤੇ ਛੱਪੜਾਂ ਦੀ ਗੰਦਗੀ ਦੇ ਮੁੱਦਿਆਂ ਵਿਚ ਹੀ ਉਲਝੇ ਹੋਏ ਹਨ। ਪੰਚਾਇਤੀ ਕਾਨੂੰਨ ਦੀ 73ਵੀਂ ਸੋਧ ਮੁਤਾਬਕ ਪੰਚਾਇਤਾਂ, ਜ਼ਿਲ੍ਹਾ ਪ੍ਰੀਸ਼ਦਾਂ ਤੇ ਬਲਾਕ ਸੰਮਤੀਆਂ ਕੋਲ ਡਿਪਟੀ ਕਮਿਸ਼ਨਰ ਦੇ ਬਰਾਬਰ ਅਧਿਕਾਰ ਹੁੰਦੇ ਹਨ। ਇਸ ਕਾਨੂੰਨ ਮੁਤਾਬਕ ਪੰਚਾਇਤੀ ਸੰਸਥਾਵਾਂ ਨੂੰ 29 ਵਿਭਾਗਾਂ ਦੇ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ। ਇਹ ਸੰਸਥਾਵਾਂ ਪਿੰਡਾਂ ਦੇ ਵਿਕਾਸ ਲਈ ਇਨ੍ਹਾਂ ਵਿਭਾਗਾਂ ਨੂੰ ਜਵਾਬਦੇਹ ਬਣਾ ਕੇ ਸਿੱਧਾ ਵਰਤ ਸਕਦੀਆਂ ਹਨ। ਪੱਛਮੀ ਬੰਗਾਲ, ਮਹਾਂਰਾਸ਼ਟਰ, ਰਾਜਸਥਾਨ, ਕੇਰਲਾ ਅਤੇ ਹਿਮਾਚਲ ਪ੍ਰਦੇਸ਼ ਵਿਚ ਜਿੱਥੇ ਪੰਚਾਇਤਾਂ ਨੂੰ ਵਧੇਰੇ ਅਧਿਕਾਰ ਪ੍ਰਾਪਤ ਹਨ, ਉਥੇ ਹੀ ਸਾਡੇ ਪੰਜਾਬ ਵਿਚ ਪੰਚਾਇਤਾਂ ਆਪਣੇ ਪਿੰਡਾਂ ਦੇ ਵਿਕਾਸ ਲਈ ਸੂਬਾ ਸਰਕਾਰਾਂ, ਸਿਆਸਤਦਾਨਾਂ ਤੇ ਅਫਸਰਸ਼ਾਹੀ ਤੇ ਨਿਰਭਰ ਹਨ ।

ਪੰਜਾਬ 'ਚ ਸਰਕਾਰ ਨੇ ਪੰਚਾਇਤੀ ਐਕਟ ਨੂੰ 21 ਅਪ੍ਰੈਲ 1994 ਨੂੰ "ਪੰਜਾਬ ਪੰਚਾਇਤੀ ਐਕਟ 1994" ਪਾਸ ਕਰ ਲਿਆ ਸੀ ਇਸ ਐਕਟ ਦੇ ਪਾਸ ਹੋਣ ਤੋ ਬਾਅਦ 1998 'ਚ, 2003 'ਚ, 2008 'ਚ, 2013 'ਚ ਅਤੇ 2018 , 2024 ਵਿਚ ਚੋਣਾਂ ਹੋਈਆਂ ਪਰ ਪੰਚਾਇਤਾਂ ਨੂੰ ਐਕਟ ਵਿਚ ਮਿਲੇ ਅਧਿਕਾਰਾ ਨੂੰ ਕਿਸੇ ਵੀ ਸਰਕਾਰ ਨੇ ਦੇਣਾ ਵਾਜਬ ਨਾ ਸਮਝਿਆ । ਮਾਨ ਸਰਕਾਰ ਤੋ ਲੋਕਾਂ ਦੀ ਮੰਗ ਹੈ ਕਿ 73 ਵੀ ਸੰਵਿਧਾਨਿਕ ਸੋਧ ਚ ਸਥਾਨਿਕ "ਸਥਾਨਿਕ ਸਵੈ-ਸਰਕਾਰਾਂ" ਵਾਂਗ ਮਿਲੇ ਸਾਰੇ ਅਧਿਕਾਰ ਦਿਤੇ ਜਾਣ ਅਤੇ ਕਾਨੂੰਨ ਅਨੁਸਾਰ ਕੇਰਲਾ ਮਾਡਲ ਮੁਤਾਬਿਕ ਕੰਮ, ਕਾਮੇ ਅਤੇ ਵਿੱਤੀ ਸਾਧਨ ਪਾਵਰਾਂ ਸਮੇਤ ਪੰਚਾਇਤਾਂ ਨੂੰ 29 ਵਿਭਾਗ ਸੌਂਪੇ ਜਾਣ ਅਤੇ ਆਪਣੇ ਪਿੰਡਾਂ ਦੇ ਵਿਕਾਸ ਕਾਰਜਾਂ ਦੀ ਯੋਜਨਾਬੰਦੀ ਹੇਠਲੇ ਪੱਧਰ ਤੋਂ ਸ਼ੁਰੂ ਕਰਨ ਦੇ ਅਧਿਕਾਰ ਦਿੱਤੇ ਜਾਣ, ਜਿਸ ਨਾਲ ਖਰਚ ਵਿੱਚ ਵੀ ਕਟੌਤੀ ਹੋਵੇਗੀ ਅਤੇ ਵਿਕਾਸ ਕਾਰਜਾਂ ਦੀ ਰਫ਼ਤਾਰ ਵੀ ਵਧੇਗੀ ਜਿਸ ਨਾਲ ਪੰਚਾਇਤਾਂ ਵਿੱਚ ਪਾਰਦਰਸ਼ਤਾ ਆਵੇਗੀ ਅਤੇ ਉਹ ਪਾਰਟੀਬਾਜੀ ਤੋ ਉਪਰ ਉਠ ਕੇ ਪਿੰਡਾ ਦੀ ਤਰੱਕੀ ਕਰ ਸਕਣਗੇ ।

ਦੋ ਦਸੰਬਰ ਨੂੰ ਪੁਨਰ ਸੁਰਜੀਤ ਹੋਏ ਅਕਾਲੀ ਦਲ ਦਾ ਇਹ ਐਲਾਨਨਾਮਾ

# ਪੰਜਾਬ ਨੂੰ ਪੁਨਰ ਸੁਰਜੀਤ ਕਰੇਗਾ- ਗਿਆਨੀ ਹਰਪ੍ਰੀਤ ਸਿੰਘ





**ਚੰਡੀਗੜ੍ਹ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-**ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਹੁਕਮਨਾਮਿਆ ਦੀ ਰੌਸ਼ਨੀ ਵਿੱਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਹੋਇਆ ਸੀ। ਜਿਸਨੇ ਉਹਨਾਂ ਆਦੇਸ਼ਾਂ ਅਨੁਸਾਰ ਨਵੀਂ ਭਰਤੀ ਕਰਕੇ ਡੈਲੀਗੇਟ ਇਜਲਾਸ ਰਾਹੀਂ ਲੀਡਰਸ਼ਿਪ ਉਭਾਰਨ ਦਾ ਉਪਰਾਲਾ ਕੀਤਾ। ਇਹਨਾਂ ਗੱਲਾਂ ਦਾ ਪ੍ਰਗਟਾਵਾ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਉਸ ਡੈਲੀਗੇਟ ਇਜਲਾਸ ਵਿੱਚ ਹੀ ਸਾਰੇ ਸੀਨੀਅਰ ਲੀਡਰਾਂ ਦੀ ਸਲਾਹ ਨਾਲ ਨਵੀਂ ਲੀਡਰਸ਼ਿਪ ਲਈ ਨਵਾਂ ਪੰਥ-ਪੰਜਾਬ ਪੱਖੀ ਏਜੰਡਾ ਨਿਰਧਾਰਿਤ ਕਰਨ ਲਈ ਇਕ ਸੱਤ ਮੈਂਬਰੀ ਕਮੇਟੀ ਬਣਾਈ ਗਈ ਸੀ। ਸ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਬਣੀ ਉਸ ਕਮੇਟੀ ਨੇ ਪੈਂਤੀ ਤੋਂ ਵੱਧ ਮੀਟਿੰਗਾਂ ਕਰਕੇ, ਡੂੰਘੀ ਵਿਚਾਰ ਚਰਚਾ ਤੋਂ ਬਾਅਦ ਇਹ ਦਸਤਾਵੇਜ਼ ਤਿਆਰ ਕੀਤਾ ਹੈ। ਜਿਸ ਨੂੰ ਸੀਨੀਅਰ ਲੀਡਰਸ਼ਿਪ ਨੇ ਪਾਰਟੀ ਪੱਧਰ 'ਤੇ ਲੰਬੀ ਵਿਚਾਰ ਚਰਚਾ ਤੋਂ ਬਾਅਦ ਪ੍ਰੈੱਸ ਰਾਹੀਂ ਪੰਜਾਬ ਦੇ ਨਾਂ ਜਾਰੀ ਕਰਨ ਦਾ ਫੈਸਲਾ ਕੀਤਾ ਹੈ। ਇਸ ਦਸਤਾਵੇਜ ਵਿੱਚ ਪੰਥ ਦੀ ਚੜ੍ਹਦੀ ਕਲਾ ਅਤੇ ਪੰਥ ਦੇ ਬੋਲ ਬਾਲੇ ਦੀ ਗੱਲ ਕਰਦਿਆਂ ਪੰਜਾਬ ਦੀ ਨੁਹਾਰ ਬਦਲਣ ਲਈ ਹਰ ਵਿਸ਼ੇ ਨੂੰ ਛੋਹਿਆ ਗਿਆ ਹੈ। ਇਸ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਇਸ ਐਲਾਨਨਾਮੇ ਅਨੁਸਾਰ ਪਾਰਟੀ ਵਿੱਚ ਇਕ ਆਗੂ ਇਕ ਅਹੁਦਾ ਅਤੇ ਪਰਿਵਾਰ ਵਿੱਚ ਇਕ ਹੀ ਟਿਕਟ ਦਾ ਸਿਧਾਂਤ ਲਾਗੂ ਹੋਵੇਗਾ। ਪਾਰਟੀ ਪ੍ਰਧਾਨ ਦਾ ਕਾਰਜਕਾਲ ਤਿੰਨ ਸਾਲ ਦਾ ਹੋਵੇਗਾ ਅਤੇ ਉਹ ਲਗਾਤਾਰ ਦੋ ਵਾਰ ਹੀ ਪ੍ਰਧਾਨ ਰਹਿ ਸਕੇਗਾ। ਪਾਰਟੀ ਪ੍ਰਧਾਨ ਕੋਈ ਚੋਣ ਨਹੀਂ ਲੜਨਗੇ ਅਤੇ ਜੇਕਰ ਚੋਣ ਲੜਨਾ ਚਾਹੁਣ ਤਾਂ ਪ੍ਰਧਾਨਗੀ ਤੋਂ ਇਕ ਸਾਲ ਪਹਿਲਾਂ ਅਸਤੀਫਾ ਦੇਣਾ ਹੋਵੇਗਾ। ਪਾਰਟੀ ਵਿੱਚ ਯੂਥ ਵਿੰਗ ਦੀ ਉਮਰ ਹੱਦ 37 ਸਾਲ ਹੋਵੇਗੀ। ਇਸ ਦਸਤਾਵੇਜ ਵਿੱਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਪੁਨਰ-ਸੁਰਜੀਤ ਕਰਕੇ ਸਾਰੇ ਕਾਲਜਾਂ ਯੂਨੀਵਰਸਿਟੀਆਂ ਵਿੱਚ ਯੂਨਿਟ ਬਣਾਉਣ ਦੀ ਗੱਲ ਕਹੀ ਗਈ ਹੈ। ਇਸ ਐਲਾਨ ਨਾਮੇ ਅਨੁਸਾਰ ਪੰਥਕ ਦ੍ਰਿਸ਼ਟੀਕੋਣ ਵਿੱਚ ਦਸ ਗੁਰੂ ਸਹਿਬਾਨ ਅਤੇ ਗੁਰੂ ਗ੍ਰੰਥ ਸਹਿਬ ਜੀ ਦੇ ਫਲਸਫੇ ਦੇ ਪ੍ਰਸਾਰ ਅਤੇ ਪ੍ਰਚਾਰ ਕਰਨ ਦੀ ਗੱਲ ਕੀਤੀ ਗਈ ਹੈ ਜੋ ਅਕਾਲੀ ਦਲ ਦੇ ਪੁਰਾਣੇ ਸਰੂਪ ਨੂੰ ਪੁਨਰ ਜੀਵਤ ਕਰੇਗਾ। ਇਸ ਤੋਂ ਇਲਾਵਾ ਸ੍ਰੀ ਅਕਾਲ ਤਖਤ ਸਾਹਿਬ ਸਮੇਤ ਸਾਰੇ ਤਖਤਾਂ ਦੇ ਜਥੇਦਾਰ ਸਾਹਿਬਾਨ ਦੀ ਅਜ਼ਾਦ ਹਸਤੀ ਨੂੰ ਕਾਇਮ ਰੱਖਣ ਲਈ ਵਿਧੀ ਵਿਧਾਨ ਬਣਾਉਣ ਬਾਰੇ ਉਪਰਾਲੇ ਕੀਤੇ ਜਾਣਗੇ। ਉਹਨਾਂ ਨੇ ਦੱਸਿਆ ਕਿ ਪੰਜਾਬ ਦੇ ਹਰ ਵਰਗ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਇਸ ਦਸਤਾਵੇਜ ਵਿੱਚ ਗੰਭੀਰਤਾ ਨਾਲ ਗੱਲ ਕੀਤੀ ਗਈ ਹੈ। ਤਾਂ ਜੋ ਪੰਜਾਬ ਦੇ ਸਾਰੇ ਵਰਗਾਂ ਨੂੰ ਨਾਲ ਲੈ ਕੇ ਪੰਜਾਬ ਦੀ ਪੁਨਰ ਉਸਾਰੀ ਕੀਤੀ ਜਾ ਸਕੇ। ਕਿਉਂਕਿ ਪੰਜਾਬ ਦੀ ਖੇਤਰੀ ਪਾਰਟੀ ਦਾ ਅਸਲ ਮਕਸਦ ਇਹੋ ਹੈ। ਉਹਨਾਂ ਕਿਹਾ ਕਿ ਇਸ ਐਲਾਨਨਾਮੇ ਨੂੰ ਲਾਗੂ ਕਰਨ ਲਈ ਅੱਜ ਤੋਂ ਯਤਨ ਸ਼ੁਰੂ ਕਰ ਦਿੱਤੇ ਜਾਣਗੇ। ਹੋਰਨਾਂ ਰਾਜਨੀਤਿਕ ਪਾਰਟੀਆਂ ਵਾਂਗ ਇਹ ਸਿਰਫ਼ ਵਿਖਾਵੇ ਲਈ ਨਹੀਂ ਹੋਵੇਗਾ। ਅੱਜ ਦੀ ਇਸ ਪ੍ਰੈੱਸ ਕਾਨਫਰੰਸ ਵਿੱਚ ਸ ਗੁਰਪ੍ਰਤਾਪ ਸਿੰਘ ਵਡਾਲਾ, ਸ ਸੁੱਚਾ ਸਿੰਘ ਛੋਟੇਪੁਰ, ਸ ਸੁਰਜੀਤ ਸਿੰਘ ਰੱਖੜਾ, ਬੀਬੀ ਜਗੀਰ ਕੌਰ, ਸ ਗੋਬਿੰਦ ਸਿੰਘ ਲੌਂਗੋਵਾਲ, ਸ ਸਤਵਿੰਦਰ ਸਿੰਘ ਟੌਹੜਾ, ਸ ਕਰਨੈਲ ਸਿੰਘ ਪੀਰਮੁਹੰਮਦ, ਸ ਜਗਜੀਤ ਸਿੰਘ ਕੋਹਲੀ ਸਮੇਤ ਕਈ ਵੱਡੇ ਆਗੂ ਮੌਜੂਦ ਸਨ। ਪ੍ਰੈਸ ਦੇ ਨਾਂ ਇਹ ਬਿਆਨ ਮੀਡੀਆ ਇੰਚਾਰਜ ਸ ਤਜਿੰਦਰ ਸਿੰਘ ਪੰਨੂੰ ਨੇ ਜਾਰੀ ਕੀਤਾ।

> **ਇਹ ਐਲਾਨਨਾਮਾ ਹੋਰਨਾਂ ਪਾਰਟੀਆਂ ਵਾਂਗ ਸਿਰਫ ਵਿਖਾਵੇ ਲਈ ਨਹੀ, ਇਸ 'ਤੇ ਕੰਮ ਕੀਤਾ ਜਾਵੇਗਾ- ਸ ਇਕਬਾਲ ਸਿੰਘ ਝੂੰਦਾਂ**

# ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਉਣ ਲਈ ਇੱਕਜੁੱਟ ਹੋਣਾ ਬਹੁਤ ਜਰੂਰੀ ; ਭਾਨਾ ਸਿੱਧੂ



**ਧੂਰੀ ( ਰਣਜੀਤ ਸਿੰਘ ਪੇਧਨੀ )-**ਵਾਰਿਸ ਪੰਜਾਬ ਜਥੇਬੰਦੀ ਦੇ ਸੀਨੀਅਰ ਆਗੂ ਭਾਨਾ ਸਿੱਧੂ ਵੱਲੋਂ ਧੂਰੀ ਹਲਕੇ ਦੇ ਵੱਖ-ਵੱਖ ਪਿੰਡਾਂ ਦਾ ਦੌਰਾ ਕੀਤਾ ਗਿਆ। ਇਸੇ ਹੀ ਤਹਿਤ ਪਿੰਡ ਪੇਧਨੀ ਕਲਾ ਵਿਖੇ ਨੌਜਵਾਨ ਆਗੂ ਗੱਗੀ ਸਿੱਧੂ ਦੇ ਘਰ ਇੱਕ ਰੱਖੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਹੋਇਆਂ ਭਾਨਾ ਸਿੱਧੂ ਨੇ ਕਿਹਾ ਕਿ ਪੰਜਾਬ ਦੀ ਕਿਸਾਨੀ ਅਤੇ ਜਵਾਨੀ ਨੂੰ ਬਚਾਉਣ ਦੇ ਲਈ ਇੱਕਜੁੱਟ ਹੋਣਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਦਿੱਲੀ ਤੋਂ ਚੱਲਣ ਵਾਲੀਆਂ ਸਰਕਾਰਾਂ ਨੇ ਪੰਜਾਬ ਦੇ ਸਿੱਖਾਂ ਨਾਲ ਕਦੇ ਵੀ ਅਨਿਆਏ ਨਹੀਂ ਕੀਤਾ, ਸਗੋਂ ਧੋਖਾ ਹੀ ਕੀਤਾ ਹੈ , ਪੰਜਾਬ ਸਰਕਾਰ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਪਿਛਲੇ ਤਿੰਨ ਸਾਲਾਂ ਤੋਂ ਐਨਐਸਏ ਲਾ ਕੇ ਜੇਲ ਵਿੱਚ ਬੰਦ ਕੀਤਾ ਹੋਇਆ ਹੈ। ਉਹ ਸਾਰੇ ਬੰਦੀ ਸਿੰਘ ਤਾਂ ਹੀ ਬਾਹਰ ਆ ਸਕਦੇ ਹਨ ਜੇਕਰ ਆਪਣੀ ਇੱਕਜੁੱਟਤਾ ਅਤੇ ਪੰਥ ਧਿਰਾਂ ਇਕੱਠੀਆਂ ਹੋ ਕੇ ਇਸ ਦੀ ਲੜਾਈ ਲੜਨਗੀਆਂ । ਇਸ ਮੌਕੇ ਕੁਲਦੀਪ ਸਿੰਘ ਕਲੇਰ ਪੰਚ, ਸਾਧੂ ਸਿੰਘ ਪੇਧਨੀ, ਉੱਘੇ ਸਮਾਜ ਸੇਵੀ ਚਮਕੌਰ ਸਿੰਘ ਕਲੇਰ, ਗੁਰਪ੍ਰੀਤ ਸਿੰਘ ਮੂਲੋਂਵਾਲ , ਜਸਵੀਰ ਸਿੰਘ ਧੰਦੀਵਾਲ, ਮਨਦੀਪ ਸਿੰਘ ਰਾਂਝਾ, ਅੰਗਰੇਜ਼ ਸਿੱਧੂ ਟੋਨੀ ਕਲੇਰ ਬਿੱਟੂ ਸੋਹਤਾ ਕਾਕਾ ਕਲੇਸੀ ਗੁਰਮਿਲਾਪ ਸਿੰਘ ਖਾਲਸਾ, ਬਾਬਾ ਪਰਮਜੀਤ ਸਿੰਘ,, ਜੀਤ ਸਿੰਘ ਕਲੇਰ ,ਮਨਦੀਪ ਸਿੰਘ ਸਿੱਧੂ , ਸਿਮਰਜੀਤ ਸਿੰਘ, ਮੱਖਣ ਸਿੰਘ, ਲਵਪ੍ਰੀਤ ਸਿੰਘ, ਗੁਰਸੇਵਕ ਸਿੰਘ, ਅਮਨਦੀਪ ਸਿੰਘ, ਹਰਪਾਲ ਸਿੰਘ, ਪਰਮਜੀਤ ਸਿੰਘ, ਬਲਵਿੰਦਰ ਸਿੰਘ, ਗੁਰਮੁੱਖ ਸਿੰਘ, ਪਰਮਿੰਦਰ ਸਿੰਘ, ਜਗਸੀਰ ਸਿੰਘ, ਸੁਖੀ ਪ੍ਰਧਾਨ ਬੇਨੜਾ, ਵਿਸਕੀ ਕੇਨੇਡਾ , ਸੁਰਜੀਤ ਸਿੰਘ ਪੰਚ ਤੋਂ ਇਲਾਵਾ ਨੌਜਵਾਨ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਚਾਂਸਲਰ ਗੁਰਲਾਭ ਸਿੰਘ ਸਿੱਧੂ ਵੱਲੋਂ ਗੁਰੂ ਕਾਸ਼ੀ ਯੂਨੀਵਰਸਿਟੀ ਦਾ ਦੂਜਾ ਨਿਊਜ਼ ਲੈਟਰ ਰਿਲੀਜ਼



**ਤਲਵੰਡੀ ਸਾਬੋ, 23, ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-**ਗੁਰੂ ਕਾਸ਼ੀ ਯੂਨੀਵਰਸਿਟੀ ਦੇ ਚਾਂਸਲਰ ਗੁਰਲਾਭ ਸਿੰਘ ਸਿੱਧੂ ਵੱਲੋਂ ਇੱਕ ਸਾਦੇ ਪਰ ਪ੍ਰਭਾਵਸ਼ਾਲੀ ਸਮਾਰੋਹ ਵਿੱਚ ਜੀ.ਕੇ.ਯੂ ਨਿਊਜ਼ ਲੈਟਰ-2 ਰੀਲੀਜ਼ ਕੀਤਾ ਗਿਆ। ਇਸ ਮੌਕੇ ਮੈਨੇਜ਼ਿੰਗ ਡਾਇਰੈਕਟਰ ਸੁਖਰਾਜ ਸਿੰਘ ਸਿੱਧੂ, ਵਾਈਸ ਚਾਂਸਲਰ ਅਤੇ ਨਿਊਜ਼ ਲੈਟਰ ਦੇ ਐਡੀਟਰ ਇੰਨ-ਚੀਫ਼ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਚਾਂਸਲਰ ਸਿੱਧੂ ਨੇ ਸੰਪਾਦਕੀ ਮੰਡਲ ਨੂੰ ਵਧਾਈ ਦਿੰਦਿਆ ਕਿਹਾ ਕਿ ਨਿਊਜ਼ ਲੈਟਰ ਵਿੱਚ ਵਰਸਿਟੀ ਦੀਆਂ ਅਕਾਦਮਿਕ, ਖੇਡਾਂ, ਸੱਭਿਆਚਾਰ, ਖੋਜ, ਲੋਕ ਭਲਾਈ ਗਤੀਵਿਧੀਆਂ ਆਦਿ ਖੇਤਰਾਂ ਵਿੱਚ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਹਨਾਂ ਆਕਰਸ਼ਕ ਛਪਾਈ ਅਤੇ ਉੱਤਮ ਦਰਜ਼ੇ ਦੇ ਕਟੈਂਟ ਲਈ ਐਡੀਟਰ ਅਤੇ ਸੰਬੰਧਤ ਧਿਰਾਂ ਨੂੰ ਵਧਾਈ ਦਿੱਤੀ। ਐਡੀਟਰ ਇੰਨ ਚੀਫ਼ ਡਾ. ਧੀਮਾਨ ਨੇ ਦੱਸਿਆ ਕਿ ਨਿਊਜ਼ ਲੈਟਰ-2 'ਵਰਸਿਟੀ ਦੀਆਂ ਹਰ ਖੇਤਰ ਵਿੱਚ ਕੀਤੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੰਦਾ ਹੈ। ਪ੍ਰਤ੍ਰਿਕਾ ਵਿੱਚ ਵਿਦਿਆਰਥੀਆਂ ਅਤੇ ਖੋਜਗਾਰਥੀਆਂ ਵੱਲੋਂ ਕੀਤੇ ਗਏ ਕਾਰਜਾਂ ਦੇ ਪ੍ਰਕਾਸ਼ਨ ਕਾਰਨ ਉਹਨਾਂ ਦਾ ਮਨੋਬਲ ਉੱਚਾ ਹੁੰਦਾ ਹੈ ਤੇ ਉਹਨਾਂ ਨੂੰ ਕੁਝ ਨਵਾਂ ਤੇ ਸਿਰਜਾਨਤਮਕ ਕਰਨ ਲਈ ਪ੍ਰੇਰਿਤ ਕਰਦਾ ਹੈ। ਯੂਨੀਵਰਸਿਟੀ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ, ਉਹਨਾਂ ਕਿਹਾ ਕਿ ਹਥਲਾ ਅੰਕ ਵਰਸਿਟੀ ਦੀਆਂ ਪ੍ਰਾਪਤੀਆਂ ਦਾ ਖੂਬਸੂਰਤ ਸੰਕਲਨ ਹੈ। ਉਹਨਾਂ ਸਭਨਾਂ ਨੂੰ ਕੁੱਝ ਨਵਾਂ ਅਤੇ ਲੋਕ ਹਿੱਤ ਵਿੱਚ ਹੋਰ ਕਾਢਾਂ ਕਰਨ ਲਈ ਪ੍ਰੇਰਿਤ ਕੀਤਾ।

# ਮੁੱਖ ਮੰਤਰੀ ਮਾਨ ਦੇ ਕੰਮਾਂ ਖੁਸ਼ ਲੋਕ ਆਪ ਮੁਹਾਰੇ ਆਪ ਸਾਮਿਲ ਹੋ ਰਹੇ ਹਨ: ਓਐਸਡੀ ਸੁੱਖੀ



**ਧੂਰੀ ( ਰਣਜੀਤ ਸਿੰਘ ਪੇਧਨੀ )-**ਪੰਜਾਬ ਦੇ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੇ ਓਐਸਡੀ ਸ, ਸੁਖਵੀਰ ਸਿੰਘ ਸੁੱਖੀ ਦੀ ਅਗਵਾਈ ਦੇ ਹੇਠ ਪਿੰਡ ਭਲਵਾਨ ਵਿਖੇ ਮੁੱਖ ਮੰਤਰੀ ਦਫਤਰ ਇੰਚਾਰਜ ਸ,ਰਾਜਵੰਤ ਸਿੰਘ ਘੁੱਲੀ ਦੀ ਪ੍ਰੇਰਨਾ ਸਦਕਾ ਵੱਡੀ ਗਿਣਤੀ ਵਿੱਚ ਆਗੂਆਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਓਐਸਡੀ ਸੁੱਖੀ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਕੰਮਾਂ ਅਤੇ ਨੀਤੀਆਂ ਤੋਂ ਖੁਸ਼ ਹੋ ਕੇ ਲੋਕ ਆਪ ਮੁਹਾਰੇ ਆਪ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ, ਸਾਮਿਲ ਹੋਏ ਆਗੂਆਂ ਨੂੰ ਪਾਰਟੀ ਵਿੱਚ ਬਣਦਾ ਪੂਰਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਆਪ ਆਗੂ ਸਤਿੰਦਰ ਸਿੰਘ ਚੱਠਾ, ਹਰਜਿੰਦਰ ਸਿੰਘ ਕਾਂਝਲਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਜਿਲ੍ਹਾ ਪ੍ਰੀਸ਼ਦ ਮੈਂਬਰ ਰਸਪਾਲ ਸਿੰਘ ਭੁੱਲਰਹੇੜੀ,ਸਰਪੰਚ ਭਗਵਾਨ ਸਿੰਘ ਭਲਵਾਨ, ਸਰਪੰਚ ਗੁਰਮੀਤ ਸਿੰਘ ਪਲਾਸੌਰ, ਸਰਪੰਚ ਦਵਿੰਦਰ ਸਿੰਘ ਧੂਰਾ, ਸਰਪੰਚ ਰਾਜ ਸਿੰਘ ਮਾਨਵਾਲਾ, ਹਰਪ੍ਰੀਤ ਸਿੰਘ ਗਿੱਲ, ਬਲਾਲ ਖਾਨ , ਹਰਪ੍ਰੀਤ ਸਿੰਘ ਮੈਂਬਰ ਬਲਾਕ ਸੰਮਤੀ, ਸਤਿਨਾਮ ਸਿੰਘ ਢਢੋਗਲ ਨਿਰਮਲ ਸਿੰਘ ਹਾਜ਼ਰ ਸਨ।

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)

# ਮਹਾਨ ਗੁਰਮਤਿ ਸਮਾਗਮ

☛ ਸ਼ਹੀਦੀ ਦਿਵਸ : ਛੋਟਾ ਘੱਲੂਘਾਰਾ ਕਾਹਨੂੰਵਾਨ ☛ ਫ਼ਤਹਿ ਦਿਵਸ : ਫ਼ਤਹਿ ਦਿਵਸ ਕੌਮੀ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਸਰਹੰਦ ਫ਼ਤਹਿ ਦਿਵਸ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।






ਸ਼ੁੱਕਰਵਾਰ 15 ਮਈ ਸੰਗਰਾਂਦ ਦਾ ਪਵਿੱਤਰ ਦਿਹਾੜੇ ਨੂੰ ਸਮਰਪਿਤ ਸ਼ਾਮ 5 ਤੋ 8 ਵਜੇ ਤੱਕ ਦੀਵਾਨ ਸਜਣਗੇ।

• ਸ਼ਨਿੱਚਰਵਾਰ 16 ਮਈ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ। • ਐਤਵਾਰ 17 ਮਈ 2026 ਨੂੰ 6:30 ਵਜੇ ਸਵੇਰ ਚੌਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣ ਉਪਰੰਤ 1:00 ਵਜੇ ਤੱਕ ਦੀਵਾਨ ਸਜਣਗੇ।

ਢਾਡੀ ਜਥਾ ਗਿਆਨੀ ਗੁਰਪ੍ਰੀਤ ਸਿੰਘ ਲਾਂਡਰਾਂ ਵਾਲੇ 15/16/17 ਮਈ ਨੂੰ ਢਾਡੀ ਵਾਰਾਂ ਰਾਹੀਂ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

# ਚਕੇਰੀਆਂ ਪਿੰਡ ਜਿਲਾ ਸਿਰਸਾ ਮਾਤਾ ਜਸਵੰਤ ਕੌਰ ਧਰਮ ਸੁਪਤਨੀ ਸ. ਗਰਦੌਰ ਸਿੰਘ ਜੀ ਦੀ ਅੰਤਿਮ ਅਰਦਾਸ ਤੇ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਸ਼ਖਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਂਟ













ਚਕੇਰੀਆਂ ਪਿੰਡ ਜਿਲਾ ਸਿਰਸਾ ਮਾਤਾ ਜਸਵੰਤ ਕੌਰ ਧਰਮ ਸੁਪਤਨੀ ਸ. ਗਰਦੌਰ ਸਿੰਘ ਜੀ ਦੀ ਅੰਤਿਮ ਅਰਦਾਸ ਤੇ ਅੱਜ 23 ਅਪ੍ਰੈਲ 2026 ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਿੱਖ ਆਗੂ ਭਾਈ ਜਸਕਰਨ ਸਿੰਘ ਕਾਹਨਸਿੰਘਵਾਲਾ,ਪ੍ਰਸਿੱਧ ਕੀਰਤਨੀਏ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ ਜੱਥਾ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ,ਸੰਗਤਾਂ ਸਮੇਤ ਹਾਜ਼ਰ ਬਾਬਾ ਗੁਰਪਾਲ ਸਿੰਘ ਚੋਰਮਾਰ ਵਾਲੇ,ਬਾਬਾ ਪ੍ਰਤਾਪ ਸਿੰਘ ਕਿੰਗਰਾ,ਬਾਬਾ ਕਾਲਾ ਸਿੰਘ ਗ੍ਰੰਥੀ ਸਿੰਘ,ਬਾਬਾ ਅਮਰਜੀਤ ਸਿੰਘ ਮੰਢਾਲਾ,ਸਰਪੰਚ ਗੁਰਮੀਤ ਸਿੰਘ ਚਕੇਰੀਆਂ,ਨੌਜਵਾਨ ਇਕਬਾਲ ਸਿੰਘ ਚਕੇਰੀਆਂ,ਲਵਪ੍ਰੀਤ ਸਿੰਘ ਚਕੇਰੀਆਂ ਅਤੇ ਕੋਚ ਭਗਵਾਨ ਸਿੰਘ ਚਕੇਰੀਆਂ ਹਾਜ਼ਰ ਸਨ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਅਗਰਵਾਲ ਸਮਾਜ ਦੇ ਪ੍ਰਸਿੱਧ ਸਮਾਜਸੇਵੀ ਸ੍ਰੀ ਸੁਨੀਲ ਗੋਇਲ ਡਿੰਪਲ ਜੀ ਦੇ ਸੰਗਰੂਰ ਨਿਵਾਸ ਅਸਥਾਨ ਵਿਖੇ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਥੀਆਂ ਸਮੇਤ ਪੁੱਜੇ









ਅਗਰਵਾਲ ਸਮਾਜ ਦੇ ਪ੍ਰਸਿੱਧ ਸਮਾਜਸੇਵੀ ਸ੍ਰੀ ਸੁਨੀਲ ਗੋਇਲ ਡਿੰਪਲ ਜੀ ਦੇ ਸੰਗਰੂਰ ਨਿਵਾਸ ਅਸਥਾਨ ਵਿਖੇ ਅੱਜ 17 ਅਪ੍ਰੈਲ 2026 ਨੂੰ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਥੀਆਂ ਸਮੇਤ ਪੁੱਜੇ ਸਮੂਹ ਅਗਰਵਾਲ ਪ੍ਰੀਵਾਰ ਵਲੋਂ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਿਤ ਸਮਾਗਮ

ਜਨਮ ਦਿਵਸ ਸ਼੍ਰੋਮਣੀ ਭਗਤ, ਭਗਤ ਧੰਨਾ ਜੱਟ ਸਾਹਿਬ ਜੀ ਧੂਆ ਕਲਾਂ ਜ਼ਿਲ੍ਹਾ ਟਾਂਕ ਰਾਜਸਥਾਨ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।

ਸ਼ੁੱਕਰਵਾਰ 24 ਅਪ੍ਰੈਲ ਸਵੇਰੇ 10:00 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ ਅਤੇ 26 ਅਪ੍ਰੈਲ ਐਤਵਾਰ ਸਵੇਰੇ 10: 00 ਵਜੇ ਭੋਗ ਪੈਣਗੇ ਉਪਰੰਤ ਦੀਵਾਨ ਸੱਜਣਗੇ। ਸ਼ੁੱਕਰਵਾਰ ਸ਼ਾਮ 5 ਤੋ 8 ਵਜੇ ਤੱਕ ਦੀਵਾਨ ਸੱਜਣਗੇ

☛ ਸ਼ਨਿੱਚਰਵਾਰ 25 ਅਪ੍ਰੈਲ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ। ਐਤਵਾਰ 26 ਅਪ੍ਰੈਲ 2026 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:00 ਵਜੇ ਭੋਗ ਪੈਣ ਉਪਰੰਤ 12:30 ਵਜੇ ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਭਾਈ ਅਮਨਦੀਪ ਸਿੰਘ ਮੋਧਨੇ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap

26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

### ਆਉ ਇੰਨਾਂ ਨੌਜਵਾਨਾਂ ਨੂੰ ਮਿਲਿਏ, ਇੰਨਾਂ ਦੀ ਸੁਣੀਏ ਅਤੇ

# ਕਦੇ ਇੰਨਾਂ ਦੀ ਵੀ ਮੰਨ ਕੇ ਦੇਖ ਲਈਏ



ਅੰਮ੍ਰਿਤਸਰ-ਰਸ਼ਿਪੰਦਰ ਕੌਰ ਗਿੱਲ-ਗੁਰੂ ਨਾਨਕ ਦੇਵ ਯੂਨਿਵਰਸਿਟੀ ਦੇ ਨੌਜਵਾਨ ਬਾਖੂਬੀ ਸਿਆਸੀ ਸਮਝ ਰੱਖਦੇ ਹਨ। ਉਹ ਖੁੱਲ ਕੇ ਹਰ ਮੁੱਦੇ ਉੱਤੇ ਚਰਚਾ ਕਰਨਾ ਚਾਹੁੰਦੇ ਹਨ। ਉਹ ਆਪਣੇ ਸੁਝਾਅ ਸਿਆਸੀ ਲੀਡਰਾਂ ਤੱਕ ਪਹੁੰਚਾਉਣਾ ਚਾਹੁੰਦੇ ਹਨ। 20 ਅਪ੍ਰੈਲ 2026 ਨੂੰ ਜਦੋਂ ਮੈਨੂੰ ਇਸ ਵਿਚਾਰ ਚਰਚਾ ਵਿੱਚ ਜਾਣ ਦਾ ਮੌਕਾ ਮਿਲਿਆ ਤਾਂ ਮੈਂ ਇਹ ਸੋਚ ਕੇ ਗਈ ਸੀ ਕਿ ਇਹ ਯੂਨੀਵਰਸਿਟੀ ਦੇ ਸਟੇਜ ਉੱਤੇ ਇੱਕ ਕਿਸਮ ਦੀ ਵਿਦਿਆਰਥੀਆਂ ਦੀ Debate ਹੋਵੇਗੀ। ਪਰ ਜਦੋਂ ਮੈਂ ਜਾ ਕੇ ਦੇਖਿਆ ਤਾਂ ਯੂਨਾਇਟਿਡ ਸਿੱਖ ਸਟੂਡੈਂਟਸ ਫਡਰੇਸ਼ਨ ਦੇ ਪ੍ਰਧਾਨ ਜੁਗਰਾਜ ਸਿੰਘ ਦੇ ਨਾਲ ਯੂਨਿਵਰਸਿਟੀ ਦੇ ਕਈ ਨੌਜਵਾਨ ਵੱਡੀ ਤੱਦਾਦ ਵਿੱਚ ਇੱਕ ਪਾਰਕ ਵਿੱਚ ਇਕੱਠੇ ਹੋ ਕੇ ਵਿਚਾਰ ਕਰ ਰਹੇ ਸਨ। ਇੰਨਾਂ ਨੌਜਵਾਨਾਂ ਨੇ ਪਾਰਕ ਦੇ ਬੈਂਚ ਨੂੰ ਹੀ ਆਪਣਾ ਸਟੇਜ ਬਣਾ ਲਿਆ ਅਤੇ ਆਪਣੇ ਵਿਚਾਰ ਰੱਖਣੇ ਸ਼ੁਰੂ ਕਰ ਦਿੱਤੇ। ਨਾ ਇੰਨਾਂ ਨੌਜਵਾਨਾ ਨੂੰ ਆਪਣੇ ਵਿਚਾਰ ਰੱਖਣ ਲਈ ਕਿਸੇ ਸਟੇਜ ਦੀ ਲੋੜ ਸੀ, ਨਾ ਕਿਸੇ ਮਾਇਕ ਦੀ, ਨਾ ਕਿਸੇ ਭੀੜ ਦੀ, ਨਾ ਕਿਸੇ ਚੈਨਲ ਦੀ ਅਤੇ ਨਾ ਕਿਸੇ ਬੈਨਰ ਦੀ। ਇੰਨਾਂ ਨੌਜਵਾਨਾ ਦੇ ਵਿਚਾਰ ਸੁਣ ਕੇ ਮੈਨੂੰ ਇੰਜ ਮਹਿਸੂਸ ਹੋ ਰਿਹਾ ਸੀ ਕਿ ਇਹ ਨੌਜਵਾਨ ਪੰਜਾਬ ਪ੍ਰਤੀ ਆਪਣੀ ਸੁਹਿਰਦਤਾ ਦੱਸਣਾ ਚਾਹੁੰਦੇ ਹਨ। ਇੰਨਾਂ ਨੂੰ ਇਸ Debate ਲਈ ਕਿਸੇ ਜਿੱਤ ਹਾਰ ਦੀ ਲਾਲਸਾ ਨਹੀਂ ਹੈ ਅਤੇ ਨਾ ਹੀ ਕਿਸੇ ਇਨਾਮ ਦੀ। ਇੰਨਾਂ ਦੇ ਦਿਲ ਵਿੱਚ ਸਿਰਫ ਪੰਜਾਬ ਲਈ ਦਰਦ ਹੈ ਜੋ ਇਹ ਪਾਰਕ ਵਿੱਚ ਇਕੱਠੇ ਹੋ ਕੇ ਆਪਣੇ ਨਾਲ ਦੇ ਨੌਜਵਾਨਾਂ ਨੂੰ ਦੱਸਣਾ ਚਾਹੁੰਦੇ ਹਨ। ਅਕਸਰ ਅਸੀਂ ਜਿੱਥੇ ਕਾਲਜ ਯੂਨੀਵਰਸਿਟੀਆਂ ਦੇ ਨੌਜਵਾਨਾਂ ਦੇ ਇਕੱਠ ਨੂੰ ਇੱਕ ਅੱਲੜਪੁਣੇ ਨਾਲ ਹੀ ਦੇਖੀ ਦਾ ਹੈ ਅਤੇ ਇਹ ਸੋਚੀ ਦਾ ਹੈ ਕਿ ਨੌਜਵਾਨਾ ਦਾ ਇਹ ਇਕੱਠ ਸਿਰਫ ਹਾਸੇ ਠੱਠੇ ਹੀ ਕਰ ਸਕਦਾ ਹੈ ਜਾਂ ਲੰਘਦੇ ਵੜਦੇ ਕਿਸੇ ਨੂੰ ਛੇੜਖ਼ਾਨੀਆਂ ਹੀ ਕਰਦੇ ਹੋਣਗੇ। ਪਰ ਨਹੀ ਇੱਥੇ ਤਾਂ ਸਭ ਉਲਟ ਹੀ ਸੀ। ਬਹੁਤ ਹੀ ਸੁਹਿਰਦਤਾ ਨਾਲ ਸਭ ਨੌਜਵਾਨ ਪੰਜਾਬ ਦੇ ਪਾਣੀਆਂ ਪ੍ਰਤੀ ਆਪਣੀ ਚਿੰਤਾ ਦੱਸ ਰਹੇ ਸਨ। ਨੌਜਵਾਨਾਂ ਦਾ ਜੱਜ਼ਬਾ ਇਹ ਦਰਸਾ ਰਿਹਾ ਸੀ ਕਿ ਉਹ ਚਾਹੁੰਦੇ ਹਨ ਕਿ ਸਾਡੇ ਲੀਡਰ ਸਾਡੀ ਸੁਨਣ ਅਤੇ ਅਸੀਂ ਰੱਲ ਕੇ ਪੰਜਾਬ ਦੇ ਪਾਣੀਆਂ ਦਾ ਹੱਲ ਲੱਭਿਏ। ਪਰ ਇੱਥੇ ਨੌਜਵਾਨਾਂ ਨੇ ਖੇਦ ਵੀ ਪ੍ਰਗਟ ਕੀਤਾ ਕਿ ਕੋਈ ਲੀਡਰ ਸਾਡੀ ਸੁਣ ਕੇ ਨਹੀਂ ਰਾਜ਼ੀ। ਪੰਜਾਬ ਦੇ ਪਾਣੀਆਂ ਲਈ ਕੁਝ ਕਰਕੇ ਨਹੀਂ ਰਾਜੀ। ਜੋ ਕਿ ਕਾਫ਼ੀ ਹੱਦ ਤੱਕ ਸੱਚ ਵੀ ਹੈ। ਡੈਮਾਂ ਦੀ ਨੁਮਾਇੰਦਗੀ ਪੰਜਾਬ ਦੇ ਬਸ਼ਿੰਦਿਆਂ ਦੇ ਹੱਥ ਵਿੱਚ ਨਾ ਹੋ ਕੇ ਦੂਸਰੇ ਸੂਬੇ ਦੇ ਹੱਥਾਂ ਵਿੱਚ ਹੋਣਾ ਨੌਜਵਾਨਾ ਦੀ ਤੜਫ ਦੀ ਸੱਚਾਈ 'ਤੇ ਮੋਹਰ ਲਗਾਉਂਦੀ ਹੈ। ਪਰ ਇੱਥੇ ਮੈਂ ਇਹ ਜਾਣ ਕੇ ਵੀ ਹੈਰਾਨ ਹੋਈ ਕਿ ਪੰਜਾਬ ਦੇ ਪਾਣੀਆਂ ਦੀ ਫ਼ਿਕਰ ਕਰਣ ਵਾਲੇ ਇੰਨਾਂ ਨੌਜਵਾਨਾਂ ਨੂੰ ਯੂਨਿਵਰਸਿਟੀ ਵਿੱਚ ਪੀਣ ਦੇ ਪਾਣੀ ਲਈ ਪੁੱਖਤਾ ਇੰਤਜ਼ਾਮ ਨਾ ਹੋਣ ਕਰਕੇ ਵੀ ਮੈਨਜਮੈਂਟ ਅੱਗੇ ਅਵਾਜ ਚੁੱਕਣੀ ਪੈ ਰਹੀ ਹੈ। ਇੱਕ ਨਾਮਵਰ ਯੂਨਿਵਰਸਿਟੀ ਹੋਵੇ ਅਤੇ ਵਿਦਿਆਰਥੀਆਂ ਨੂੰ ਉਨਾਂ ਦੇ ਕੈਂਪਸ ਵਿੱਚ ਪੀਣ ਲਈ ਸਾਫ ਪਾਣੀ ਨਾ ਮਿਲੇ, ਗੁਰੂ ਨਾਨਕ ਦੇਵ ਯੂਨਿਵਰਸਿਟੀ ਦੀ ਮੈਨੇਜਮੈਂਟ ਲਈ ਬਹੁਤ ਮਾੜੀ ਗੱਲ ਹੈ। ਪੰਜਾਬ ਨੂੰ ਗੁਰੂਆਂ ਦੀ ਧਰਤੀ ਕਿਹਾ ਜਾਂਦਾ ਹੈ। ਯੂਨਿਵਰਸਿਟੀ ਦਾ ਨਾਮ ਗੁਰੂਆਂ ਦੇ ਨਾਮ 'ਤੇ ਹੋਵੇ ਅਤੇ ਵਿਦਿਆਰਥੀਆਂ ਨੂੰ ਪੀਣ ਲਈ ਸਾਫ਼ ਪਾਣੀ ਨਾ ਮਿਲੇ। ਬਹੁਤ ਨਮੋਸ਼ੀ ਵਾਲੀ ਗੱਲ ਹੈ। ਜਿੱਥੇ ਸਾਰਾ ਪੰਜਾਬ ਛਬੀਲਾਂ ਲਗਾਉਂਦਾ ਨਹੀਂ ਥੱਕਦਾ, ਉੱਥੇ ਯੂਨਿਵਰਸਿਟੀ ਦੇ ਵਿਦਿਆਰਥੀਆਂ ਨੂੰ ਪੀਣ ਵਾਲੇ ਪਾਣੀ ਦੀ ਮੰਗ ਕਰਨੀ ਪਏ, ਇਸ ਤੋਂ ਵੱਧ ਨਮੋਸ਼ੀ ਕੀ ਹੋਵੇਗੀ। ਨੌਜਵਾਨਾਂ ਨੇ ਇੱਥੇ ਇੱਕ ਹੋਰ ਮੰਗ ਲਈ ਅਵਾਜ਼ ਬੁਲੰਦ ਕੀਤੀ ਕਿ ਗੁਰੂ ਨਾਨਕ ਦੇਵ ਯੂਨਿਵਰਸਿਟੀ ਵਿੱਚ ਕੋਈ Book Shop ਨਹੀਂ ਹੈ। ਬੱਚਿਆਂ ਨੂੰ ਕਿਤਾਬਾਂ ਖ਼ਰੀਦਣ ਲਈ ਦੂਰ ਬਜ਼ਾਰ ਵਿੱਚ ਜਾਣਾ ਪੈਂਦਾ ਹੈ। ਇਹ ਵੀ ਇੱਕ ਹੈਰਾਨੀ ਵਾਲੀ ਗੱਲ ਸੀ। ਇੰਨਾਂ ਵੱਡਾ ਵਿੱਦਿਅਕ ਅਦਾਰਾ ਹੋਵੇ, ਜਿਸ ਦਾ ਖੁਦ ਦਾ ਪਬਲੀਕੇਸ਼ਨ ਹੋਵੇ, ਉੱਥੇ ਕੋਈ ਵੀ 2✿✿▲ ♥✫✿✚ ਨਹੀਂ ਹੈ। ਜਦਕਿ ਯੂਨਿਵਰਸਿਟੀ ਵਿੱਚ ✫✿✿▲ ↔✫✿✚ ਹੋਣੀ ਲਾਜ਼ਮੀ ਹੋਣੀ ਚਾਹਿਦੀ ਹੈ। ਬਲਕਿ ਵਿਦਿਆਰਥੀਆਂ ਨੂੰ ਉਨਾਂ ਦੀ ♥✝✝➢✚✪✝ 9’➢ ਦੇਖ ਕੇ ਕਿਤਾਬਾਂ ਦੀ ਖਰੀਦ 'ਤੇ ਛੂਟ ਵੀ ਮਿਲਣੀ ਚਾਹਿਦੀ ਹੈ। ਮੈਂ ਇੰਨਾਂ ਨੌਜਵਾਨਾਂ ਦੀਆਂ ਚਰਚਾ ਸੁਣ ਕੇ ਸੋਚ ਰਹੀ ਸੀ ਕਿ ਕਦੇ ਇਹੋ ਜਿਹਾ ਜ਼ਮਾਨਾ ਹੁੰਦਾ ਸੀ ਕਿ ਵਿੱਦਿਅਕ ਅਦਾਰਿਆਂ ਨੂੰ ਪੂਜਨਿਕ ਦਰਜਾ ਦਿੱਤਾ ਜਾਂਦਾ ਸੀ ਅਤੇ ਮਾਪੇ ਆਪਣੇ ਬੱਚਿਆਂ ਨੂੰ ਇਹ ਸੋਚ ਕੇ ਭੇਜਦੇ ਸਨ ਕਿ ਇੰਨਾਂ ਵਿੱਦਿਅਕ ਅਦਾਰਿਆਂ ਵਿੱਚ ਜਾ ਕੇ ਸਾਡੇ ਬੱਚੇ ਆਪਣੇ ਗਿਆਨ ਵਿੱਚ ਵਾਧਾ ਕਰਣਗੇ ਅਤੇ ਉਸ ਸਮੇਂ ਦੇ ਗੁਰੂਜਨ ਵੀ ਆਪਣੇ ਵਿਦਿਆਰਥੀਆਂ ਨੂੰ ਸਰੀਰਕ ਪੱਖੋਂ, ਵਿਚਾਰਕ ਪੱਖੋਂ ਮਜ਼ਬੂਤ ਕਰਨਾ ਆਪਣਾ ਧਰਮ ਸਮਝਦੇ ਸਨ। ਜਿਸ ਕਰਕੇ ਵਿਦਿਆਰਥੀ ਵੀ ਅਤੇ ਉਨਾਂ ਦੇ ਮਾਪੇ ਵੀ ਗੁਰੂਜਨਾਂ ਨੂੰ ਪੂਜਨੀਕ ਅਵਸਥਾ ਵਿੱਚ ਸਮਝਦੇ ਸਨ। ਪਰ ਅੱਜ ਕੱਲ ਵਿੱਦਿਅਕ ਅਦਾਰਿਆਂ ਦਾ ਇਹ ਹਾਲ ਹੈ ਕਿ ਵਿਦਿਆਰਥੀ ਇਹ ਸਾਬਿਤ ਕਰ ਰਹੇ ਹਨ ਕਿ ਉਹ ਇਸ ਹੱਦ ਤੱਕ ਸੁਹਿਰਦ ਹਨ ਕਿ ਉਹ ਆਪਣੇ ਦੇਸ਼ ਪੰਜਾਬ ਲਈ ਖ਼ੁਦ ਇਕੱਠੇ ਹੋ ਕੇ ਪੰਜਾਬ ਦੇ ਮੁੱਦਿਆਂ ਉੱਤੇ ਚਰਚਾ ਕਰਦੇ ਹਨ। ਜਦਕਿ ਉਨਾਂ ਨੂੰ ਵਿੱਦਿਅਕ ਅਦਾਰੇ ਵੱਲੋਂ ਪੂਰੇ ਅਤੇ ਪੁਖਤਾ ਇੰਤਜ਼ਾਮ ਵੀ ਨਹੀਂ ਮਿਲਦੇ। ਮੈਂ ਸੋਚ ਰਹੀ ਸੀ ਕਿ ਵਿਦਿਆਰਥੀ ਤਾਂ ਅੱਜ ਵੀ ਪੂਜਨੀਕ ਸੋਚ ਲੈ ਕੇ ਇੱਥੇ ਪੜਣ ਆਉਂਦੇ ਹਨ ਪਰ ਇੱਥੇ ਜਿੰਨਾਂ ਨੇ ਵਿਦਿਆਰਥੀਆਂ ਨੂੰ ਸੋਝੀ ਦੇਣੀ ਸੀ ਉਨਾਂ ਨੂੰ ਤਾਂ ਇਹ ਵਿਦਿਆਰਥੀ ਖੁਦ ਸਭ ਕੁਝ ਕਿੰਝ ਸੁਚਾਰੂ ਢੰਗ ਨਾਲ ਕਰਣ ਲਈ ਹਲੂਣੇ ਦੇ ਰਹੇ ਹਨ। ਵਿੱਦਿਅਕ ਅਦਾਰੇ ਸਿਰਫ ਕਮਾਈ ਦੇ ਸਾਧਨ ਬਣ ਕੇ ਰਹਿ ਗਏ ਹਨ ਜਾਂ ਲਵਜੋਤ ਸਿੰਘ ਗਿੱਲ ਦੇ ਸ਼ਬਦਾਂ ਵਿੱਚ ਇੰਝ ਕਹਿ ਲਓ ਕਿ ਇਹ ਵਿੱਦਿਅਕ ਅਦਾਰੇ Student Factory ਬਣ ਕੇ ਰਹਿ ਗਏ ਹਨ। ਆਉ ਇੰਨਾਂ ਨੌਜਵਾਨਾਂ ਨੂੰ ਮਿਲਿਏ, ਇੰਨਾਂ ਦੀ ਸੁਣਿਏ ਅਤੇ ਕਦੇ ਇੰਨਾਂ ਦੀ ਵੀ ਮੰਨ ਕੇ ਦੇਖ ਲਇਏ।

**ਪੰਜਾਬ ਦੇ ਪਾਣੀਆਂ 'ਤੇ ਯੂਨਾਇਟੇਡ ਸਿੱਖ ਸਟੂਡੈਂਟਸ ਫਡਰੇਸ਼ਨ ਵੱਲੋਂ ਗੁਰੂ ਨਾਨਕ ਦੇਵ ਯੂਨਿਵਰਸਿਟੀ ਵਿਖੇ ਕਰਵਾਈ ਗਈ ਵਿਚਾਰ ਚਰਚਾ**

**-ਰਸ਼ਿਪੰਦਰ ਕੌਰ ਗਿੱਲ, ਜਨਰਲ ਸਕੱਤਰ ਪੰਜਾਬ ਇਸਤਰੀ ਵਿੰਗ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ +91-9888697078**

### ਸਰਕਾਰੀ ਹਾਈ ਸਮਾਰਟ ਸਕੂਲ ਪੁਤਲੀਘਰ ਵਿਖੇ

# ਉਤਸ਼ਾਹ ਨਾਲ ਮਨਾਇਆ ਵਿਸ਼ਵ ਧਰਤੀ ਦਿਵਸ




ਚੌਕ ਮਹਿਤਾ,23 ਅਪ੍ਰੈਲ (.. ਬਾਬਾ ਸੁਖਵੰਤ ਸਿੰਘ ਚੰਨਣਕੇ.) ਸਰਕਾਰੀ ਹਾਈ ਸਕੂਲ ਪੁਤਲੀਘਰ ਵਿਖ਼ੇ ਸਕੂਲ ਮੁਖੀ ਅਤੇ ਬਲਾਕ ਨੋਡਲ ਅਫ਼ਸਰ ਸ਼੍ਰੀ ਵਿਨੋਦ ਕਾਲੀਆ ਦੀ ਅਗਵਾਈ ਵਿੱਚ ਵਿਸ਼ਵ ਧਰਤੀ ਦਿਵਸ ਵਿਦਿਆਰਥੀਆਂ ਵੱਲੋਂ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਵਿਨੋਦ ਕਾਲੀਆ ਨੇ ਦੱਸਿਆ ਕਿ ਇਸ ਸਾਲ ਵਿਸ਼ਵ ਧਰਤੀ ਦਿਵਸ ਦਾ ਥੀਮ "ਸਾਡੀ ਸ਼ਕਤੀ ਸਾਡਾ ਗ੍ਰਹਿ" ਹੈ। ਸਕੂਲ ਦੇ ਸਾਇੰਸ ਅਧਿਆਪਿਕਾ ਰਿਤੂ ਬੇਦੀ ਵੱਲੋਂ ਤਿਆਰ ਕੀਤੇ ਗਏ ਵਿਦਿਆਰਥੀਆਂ ਵੱਲੋਂ ਧਰਤੀ ਅਤੇ ਵਾਤਾਵਰਨ ਨਾਲ ਸੰਬੰਧਿਤ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਸਕੂਲ ਦੀ ਸਾਇੰਸ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਭਾਸ਼ਣ, ਕਵਿਤਾ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਸਕੂਲ ਮੁਖੀ ਵਿਨੋਦ ਕਾਲੀਆ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਰੁੱਖ ਲਗਾਉਣ ਅਤੇ ਕੂੜੇ ਦੀ ਬੇਹਤਰ ਮੈਨੇਜਮੈਂਟ ਕਰਨ ਦੀ ਪ੍ਰੇਰਨਾ ਦਿੱਤੀ ਦਿੰਦਿਆਂ ਵਿਦਿਆਰਥੀਆਂ ਨੂੰ ਸਮਾਜ ਵਿੱਚ ਇਕ ਲਹਿਰ ਪੈਦਾ ਕਰਨ ਲਈ ਕਿਹਾ। ਇਸ ਮੌਕੇ ਸਕੂਲ ਦਾ ਸਟਾਫ਼ ਗੁਰਜੀਤ ਕੌਰ, ਮਨਿੰਦਰਜੀਤ ਕੌਰ, ਰਿਤੂ ਬੇਦੀ, ਸੁਨੀਤਾ ਸ਼ਰਮਾ, ਸ਼ਿਵ ਕੁਮਾਰ, ਦਿਨੇਸ਼ ਕੁਮਾਰ, ਅਮਰਜੀਤ ਸਿੰਘ ,ਗੀਤਾਂਜਲੀ ਜੋਸ਼ੀ ,ਮਨਵੀਰ ਕੌਰ, ਰੋਹਿਣੀ, ਪਰਮਿਲਾ, ਰੁਪਿੰਦਰ ਕੌਰ, ਹਰਪ੍ਰੀਤ ਕੌਰ, ਕਾਬਲ ਸਿੰਘ, ਸੋਨੀਆ ਅਤੇ ਅਰਸ਼ਜੋਤ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਰਤ ਜੱਗੀ ਜੋਹਲ ਉਪਰ ਦੋਸ਼ਾਂ ਨੂੰ ਵਾਪਸ ਲੈ ਕੇ ਬਿਨਾਂ ਦੇਰੀ ਕਰੇ ਰਿਹਾਅ: ਸੰਯੁਕਤ ਰਾਸ਼ਟਰ ਮਾਹਿਰ

ਨਵੀਂ ਦਿੱਲੀ 23 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਬੁੱਧਵਾਰ ਨੂੰ ਚੇਤਾਵਨੀ ਦਿੱਤੀ ਕਿ ਸਕਾਟਲੈਂਡ ਦੇ ਇੱਕ ਸਿੱਖ ਜਗਤਾਰ ਸਿੰਘ ਜੱਗੀ ਜੋਹਲ ਬਲੌਗਰ ਅਤੇ ਅਧਿਕਾਰ ਕਾਰਕੁਨ ਦੀ ਭਾਰਤ ਵੱਲੋਂ ਸਾਲਾਂ ਤੋਂ ਨਜ਼ਰਬੰਦੀ "ਮਨੋਵਿਗਿਆਨਕ ਤਸ਼ੱਦਦ" ਦੇ ਬਰਾਬਰ ਹੈ, ਜਿਸਦੇ ਨਾਲ ਉਸਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਗਈ ਹੈ। ਜਗਤਾਰ ਸਿੰਘ ਜੌਹਲ ਨੂੰ ਨਵੰਬਰ 2017 ਵਿੱਚ ਭਾਰਤ ਵਿੱਚ ਆਪਣੇ ਵਿਆਹ ਲਈ ਉੱਥੇ ਹੁੰਦੇ ਹੋਏ ਸੱਜੇ-ਪੱਖੀ ਹਿੰਦੂ ਨੇਤਾਵਾਂ ਵਿਰੁੱਧ ਅੱਤਵਾਦੀ ਸਾਜ਼ਿਸ਼ ਦਾ ਹਿੱਸਾ ਹੋਣ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਸੰਯੁਕਤ ਰਾਸ਼ਟਰ ਦੇ ਦਸ ਸੁਤੰਤਰ ਮਾਹਿਰਾਂ, ਜਿਨ੍ਹਾਂ ਵਿੱਚ ਅੱਤਵਾਦ ਦਾ ਮੁਕਾਬਲਾ ਕਰਦੇ ਹੋਏ ਤਸ਼ੱਦਦ ਅਤੇ ਅਧਿਕਾਰਾਂ ਦੀ ਰੱਖਿਆ ਬਾਰੇ ਵਿਸ਼ੇਸ਼ ਰਿਪੋਰਟਰ ਸ਼ਾਮਲ ਸਨ, ਨੇ ਦੱਸਿਆ ਕਿ ਉਸਨੇ ਹੁਣ ਅੱਠ ਸਾਲਾਂ ਤੋਂ ਵੱਧ - 3,089 ਦਿਨ ਜੇਲ੍ਹ ਵਿੱਚ ਬਿਤਾਏ ਹਨ, ਬਿਨਾਂ ਉਸਦੇ ਕੇਸ ਦਾ ਕੋਈ ਅਨੁਮਾਨਤ ਅੰਤ ਨਹੀਂ ਹੈ । ਉਨ੍ਹਾਂ ਚੇਤਾਵਨੀ ਦਿੱਤੀ ਕਿ ਲੰਬੀ ਅਨਿਸ਼ਚਿਤਤਾ ਹੀ ਮਨੋਵਿਗਿਆਨਕ ਤਸੀਹੇ ਦਾ ਇੱਕ ਰੂਪ ਹੈ । ਅੰਤਰਰਾਸ਼ਟਰੀ ਕਾਨੂੰਨ ਸਪੱਸ਼ਟ ਹੈ ਕਿ ਤਸ਼ੱਦਦ ਵਿੱਚ ਮੁਕੱਦਮੇ ਦੀ ਉਡੀਕ ਕਰਦੇ ਸਮੇਂ ਲੰਬੇ ਸਮੇਂ ਤੱਕ ਅਨਿਸ਼ਚਿਤਤਾ ਕਾਰਨ ਹੋਣ ਵਾਲੀ ਗੰਭੀਰ ਮਾਨਸਿਕ ਪੀੜਾ ਸ਼ਾਮਲ ਹੈ। ਮਾਹਰ, ਜਿਨ੍ਹਾਂ ਨੂੰ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ ਦੁਆਰਾ ਆਦੇਸ਼ ਦਿੱਤਾ ਗਿਆ ਹੈ ਪਰ ਜੋ ਸੰਯੁਕਤ ਰਾਸ਼ਟਰ ਵੱਲੋਂ ਨਹੀਂ ਬੋਲਦੇ, ਨੇ ਕਿਹਾ ਕਿ ਜਦੋਂ ਜੌਹਲ ਨੂੰ ਪਹਿਲੀ ਵਾਰ ਗ੍ਰਿਫ਼ਤਾਰ ਕੀਤਾ ਗਿਆ ਸੀ, ਤਾਂ ਉਸਨੂੰ 10 ਦਿਨਾਂ ਲਈ ਕਿਸੇ ਨਾਲ ਸੰਪਰਕ ਕਰਨ ਤੋਂ ਰੋਕਿਆ ਗਿਆ ਸੀ। ਉਸ ਸਮੇਂ ਦੌਰਾਨ ਉਸ ਨਾਲ ਕਥਿਤ ਤੌਰ 'ਤੇ ਦੁਰਵਿਵਹਾਰ ਕੀਤਾ ਗਿਆ, ਜਿਸ ਵਿੱਚ ਬਿਜਲੀ ਦੇ ਝਟਕੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਸ਼ਾਮਲ ਸਨ। ਉਨ੍ਹਾਂ ਦੇ ਬਿਆਨ ਵਿੱਚ ਕਿਹਾ ਗਿਆ ਹੈ ਕਿ ਇੱਕ ਅਦਾਲਤ ਨੇ ਮਾਰਚ 2025 ਵਿੱਚ ਉਸਨੂੰ ਅੱਤਵਾਦ ਨਾਲ ਜੁੜੇ ਕਈ ਦੋਸ਼ਾਂ ਵਿੱਚੋਂ ਇੱਕ ਤੋਂ ਬਰੀ ਕਰ ਦਿੱਤਾ ਸੀ, "ਫਿਰ ਵੀ ਜੌਹਲ ਸਲਾਖਾਂ ਪਿੱਛੇ ਹੈ÷। ਮਾਹਿਰਾਂ ਨੇ ਕਿਹਾ, ਇਹ ਤੱਥ ਕਿ ਉਸਨੂੰ ਬਰੀ ਕਰ ਦਿੱਤਾ ਗਿਆ ਸੀ, ਫਿਰ ਵੀ ਅਜੇ ਵੀ ਲਗਭਗ ਇੱਕੋ ਜਿਹੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਦੋਹਰੇ ਖ਼ਤਰੇ, ਨਿਰਦੋਸ਼ ਹੋਣ ਦੀ ਧਾਰਨਾ, ਅੱਤਵਾਦ ਵਿਰੋਧੀ ਕਾਨੂੰਨਾਂ ਦੀ ਦੁਰਵਰਤੋਂ ਅਤੇ ਕਾਰਵਾਈ ਦੀ ਇਮਾਨਦਾਰੀ ਬਾਰੇ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ। ਉਨ੍ਹਾਂ ਨੇ ਹਾਲ ਹੀ ਦੀਆਂ ਰਿਪੋਰਟਾਂ ਨੂੰ ਉਜਾਗਰ ਕੀਤਾ ਕਿ ਜੌਹਲ ਦੀ ਨਜ਼ਰਬੰਦੀ ਦੀ ਸਥਿਤੀ ਵਿਗੜ ਗਈ ਹੈ, ਪਰਿਵਾਰ ਨਾਲ ਸੰਪਰਕ 'ਤੇ ਪਾਬੰਦੀਆਂ, ਮੁੱਢਲੀ ਸਫਾਈ ਤੱਕ ਸੀਮਤ ਪਹੁੰਚ ਅਤੇ ਇਕਾਂਤ ਕੈਦ । ਮਾਹਿਰਾਂ ਨੇ ਕਿਹਾ ਇਹ ਕੇਸ ਬੇਇਨਸਾਫ਼ੀ ਦੇ ਸੰਚਤ ਪ੍ਰਭਾਵ ਨੂੰ ਦਰਸਾਉਂਦਾ ਹੈ । ਵਿਵਾਦਿਤ ਸਬੂਤਾਂ 'ਤੇ ਨਿਰਭਰਤਾ, ਲਗਭਗ ਇੱਕੋ ਜਿਹੇ ਦੋਸ਼ਾਂ 'ਤੇ ਕਾਰਵਾਈਆਂ ਦਾ ਗੁਣਾ, ਦੋਸ਼ ਕਿ ਉਸਨੂੰ ਉਸਦੇ ਵਿਸ਼ਵਾਸ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ, ਉਸਦੀ ਲਗਾਤਾਰ ਮਨਮਾਨੀ ਨਜ਼ਰਬੰਦੀ ਅਤੇ ਤਸ਼ੱਦਦ ਦੇ ਦੋਸ਼ਾਂ ਲਈ ਜਵਾਬਦੇਹੀ ਦੀ ਅਣਹੋਂਦ ਨਿਆਂ ਦੀ ਡੂੰਘੀ ਕੁਵਰਤੋਂ ਨੂੰ ਦਰਸਾਉਂਦੀ ਹੈ। ਮਾਹਿਰਾਂ ਨੇ ਮੰਗ ਕੀਤੀ ਕਿ ਭਾਰਤ ਬਾਕੀ ਰਹਿੰਦੇ ਦੋਸ਼ਾਂ ਨੂੰ ਵਾਪਸ ਲਵੇ ਅਤੇ "ਬਿਨਾਂ ਦੇਰੀ ਜੌਹਲ ਨੂੰ ਰਿਹਾਅ ਕਰੇ÷, ਨਾਲ ਹੀ "ਤਸ਼ੱਦਦ ਅਤੇ ਦੁਰਵਿਵਹਾਰ ਅਤੇ ਨਿਆਂ ਦੇ ਗਲਤ ਪ੍ਰਸ਼ਾਸਨ ਦੇ ਦੋਸ਼ਾਂ ਦੀ ਪੂਰੀ, ਤੁਰੰਤ ਅਤੇ ਸੁਤੰਤਰ ਜਾਂਚ" ਦੀ ਮੰਗ ਕੀਤੀ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਸਮਾਂ ਨਿਰਪੱਖ ਨਹੀਂ ਹੈ ਅਤੇ ਨਤੀਜੇ ਦੀ ਲੰਬੀ ਉਡੀਕ ਨੇ ਪਹਿਲਾਂ ਹੀ ਅਸਹਿਣਯੋਗ ਚਿੰਤਾ ਅਤੇ ਤਣਾਅ ਪੈਦਾ ਕਰ ਦਿੱਤਾ ਹੈ, ਜਿਸ ਨਾਲ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਾਨੂੰਨ ਦੇ ਤਹਿਤ ਵਰਜਿਤ ਇੱਕ ਅਸਵੀਕਾਰਨਯੋਗ ਨੁਕਸਾਨ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

# ਹੱਦਬੰਦੀ ਬਿੱਲ' ਅਤੇ 'ਕੇਂਦਰੀ ਸ਼ਾਸਤ ਪ੍ਰਦੇਸ਼ ਕਾਨੂੰਨੀ ਸੋਧ ਬਿੱਲ' ਵਾਪਸ ਲੈ ਕੇ ਸਰਕਾਰ ਨੇ ਸਿਆਣਪ ਤੋਂ ਕੰਮ ਲਿਆ : ਸ. ਕਰਨੈਲ ਸਿੰਘ ਪੀਰ ਮੁਹੰਮਦ

**ਚੰਡੀਗੜ੍ਹ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਮੀਤ ਪ੍ਰਧਾਨ ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਕੇਂਦਰ ਸਰਕਾਰ ਵੱਲੋਂ 'ਹੱਦਬੰਦੀ ਬਿੱਲ' ਅਤੇ 'ਕੇਂਦਰੀ ਸ਼ਾਸਤ ਪ੍ਰਦੇਸ਼ ਕਾਨੂੰਨੀ ਸੋਧ ਬਿੱਲ' ਨੂੰ ਵਾਪਸ ਲੈਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਕਦਮ ਸਮੇਂ ਦੀ ਮੰਗ ਅਤੇ ਜਮਹੂਰੀ ਕਦਰਾਂ-ਕੀਮਤਾਂ ਦੀ ਜਿੱਤ ਹੈ।



ਸ. ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਇਹ ਬਿੱਲ ਲੋਕਾਂ ਵਿੱਚ ਭਾਰੀ ਰੋਸ ਅਤੇ ਬੇਚੈਨੀ ਦਾ ਕਾਰਨ ਬਣ ਰਹੇ ਸਨ। ਇਨ੍ਹਾਂ ਬਿੱਲਾਂ ਨੂੰ ਵਾਪਸ ਲੈ ਕੇ ਸਰਕਾਰ ਨੇ ਇਹ ਸਾਬਤ ਕੀਤਾ ਹੈ ਕਿ ਉਹ ਲੋਕਤੰਤਰ ਵਿੱਚ ਜਨਤਕ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦੀ।

ਉਨ੍ਹਾਂ ਕਿਹਾ ਕਿ ਦੇਸ਼ ਦੇ ਸੰਘੀ ਢਾਂਚੇ ਅਤੇ ਵੱਖ-ਵੱਖ ਖੇਤਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਕਾਇਮ ਰੱਖਣਾ ਬੇਹੱਦ ਜ਼ਰੂਰੀ ਹੈ। ਸਰਕਾਰ ਦਾ ਇਨ੍ਹਾਂ ਬਿੱਲਾਂ ਨੂੰ ਵਾਪਸ ਲੈਣਾ ਇੱਕ ਦੂਰਅੰਦੇਸ਼ੀ ਵਾਲਾ ਫੈਸਲਾ ਹੈ, ਜੋ ਦੇਸ਼ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਵਿੱਚ ਸਹਾਈ ਹੋਵੇਗਾ।

ਉਨ੍ਹਾਂ ਕਿਹਾ ਕਿ ਅਜਿਹੇ ਸੰਵੇਦਨਸ਼ੀਲ ਮੁੱਦਿਆਂ 'ਤੇ ਕੋਈ ਵੀ ਕਾਨੂੰਨ ਲਿਆਉਣ ਤੋਂ ਪਹਿਲਾਂ ਸਬੰਧਤ ਧਿਰਾਂ ਨਾਲ ਡੂੰਘੀ ਵਿਚਾਰ-ਚਰਚਾ ਕਰਨੀ ਚਾਹੀਦੀ ਹੈ। ਇਸ ਫੈਸਲੇ ਨੇ ਬਹੁਤ ਸਾਰੇ ਸੰਭਾਵੀ ਵਿਵਾਦਾਂ ਅਤੇ ਟਕਰਾਵਾਂ ਨੂੰ ਟਾਲ ਦਿੱਤਾ ਹੈ।

ਸ. ਪੀਰ ਮੁਹੰਮਦ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਭਵਿੱਖ ਵਿੱਚ ਵੀ ਕੋਈ ਵੀ ਅਜਿਹਾ ਕਦਮ ਚੁੱਕਣ ਤੋਂ ਪਹਿਲਾਂ ਖੇਤਰੀ ਨੁਮਾਇੰਦਿਆਂ ਅਤੇ ਲੋਕਾਂ ਦੇ ਹਿੱਤਾਂ ਨੂੰ ਸਰਵਉੱਚ ਪਹਿਲ ਦਿੱਤੀ ਜਾਵੇ ਤਾਂ ਜੋ ਲੋਕਾਂ ਵਿੱਚ ਸਰਕਾਰ ਪ੍ਰਤੀ ਵਿਸ਼ਵਾਸ ਬਣਿਆ ਰਹੇ।

ਅੰਤ ਵਿੱਚ, ਸ. ਪੀਰ ਮੁਹੰਮਦ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਹਮੇਸ਼ਾ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਉਹ ਅੱਗੇ ਵੀ ਜਨਹਿੱਤ ਵਿੱਚ ਸਰਕਾਰ ਦੇ ਹਰ ਸਹੀ ਕਦਮ ਦੀ ਹਮਾਇਤ ਕਰੇਗਾ ਅਤੇ ਗਲਤ ਨੀਤੀਆਂ ਦਾ ਲੋਕਤੰਤਰੀ ਢੰਗ ਨਾਲ ਵਿਰੋਧ ਕਰਦਾ ਰਹੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਕੁਲ ਹਿੰਦ ਖੇਤ ਮਜਦੂਰ ਯੂਨੀਅਨ ਵਲੋਂ ਪਿੰਡ ਐਮਾਂ ਜਿਲਾ ਪਠਾਨਕੋਟ ਵਿਖੇ ਕਾਮਰੇਡ ਲੇਖ ਰਾਜ ਦੀ ਪ੍ਰਧਾਨਗੀ ਮੀਟਿੰਗ ਕੀਤੀ ਗਈ

**ਪਠਾਨਕੋਟ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਅੱਜ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਵਲੋ ਪਿੰਡ ਐਮਾ ਜਿਲਾ ਪਠਾਨਕੋਟ ਵਿਖੇ ਕਾ ਲੇਖ ਰਾਜ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ।ਇਸ ਵੇਲੇ ਜੱਥੇਬੰਦੀ ਦੇ ਆਗੂ ਕਾ ਸੁਧਾ ਰਾਣੀ ਉਚੇਚੇ ਤੌਰ ਤੇ ਪਹੁੰਚੇ। ਪ੍ਰੈਸ ਨੂੰ ਜਾਣਕਾਰੀ ਦੇਂਦਿਆਂ ਸੂਬਾਈ ਆਗੂ ਕਾ ਸੁਧਾ ਰਾਣੀ ਨੇ ਕਿਹਾ ਕਿ 15 ਮਈ ਨੂੰ ਮਨਰੇਗਾ ਮਜ਼ਦੂਰਾਂ ਵੱਲੋਂ ਆਮ ਹੜਤਾਲ ਅਤੇ ਪਿੰਡਾ ਵਿਚ ਰੈਲੀਆਂ ਕੀਤੀਆਂ ਜਾਣਗੀਆਂ। ਮਨਰੇਗਾ ਸਕੀਮ ਦਾ ਨਾਂ ਬਦਲ ਕੇ ਲਿਆਂਦਾ ਨਵਾ ਕਨੂੰਨ ਮਜ਼ਦੂਰਾ ਕੋਲੋ ਰੁਜਗਾਰ ਦੀ ਗਰੰਟੀ ਖੋਹ ਲਵੇਗਾ। ਸਾਰੇ ਦੇਸ਼ ਦੀ ਥਾ ਸਿਰਫ ਇਹ ਕੇਂਦਰ ਸਰਕਾਰ ਵੱਲੋਂ ਨੋਟੀਫਾ ਆਈ ਕੀਤੇ ਇਲਾਕੇ ਵਿਚ ਹੀ ਲਾਗੂ ਹੋਣਗੇ। ਇਸ ਵਿੱਚ ਕੇਂਦਰ ਸਰਕਾਰ ਦਾ ਹਿੱਸਾ ਘਟਾ ਕੇ ਰਾਜ ਸਰਕਾਰਾਂ ਤੇ ਭਾਰ ਪਾਂ ਦਿੱਤਾ ਹੈ। ਜਿਹੜਾ ਕਿ ਰਾਜ ਸਰਕਾਰਾਂ ਦੇ ਵਸ ਨਹੀਂ। ਇਸ ਤਰਾ ਇਹ ਸਕੀਮ ਆਪਣੇ ਆਪ ਮੁੱਕ ਜਾਵੇਗੀ। ਜਿਸ ਦੇ ਵਿਰੋਧ ਵਿੱਚ ਇਹ ਹੜਤਾਲ ਹੋਵੇਗੀ। ਬਿਜਲੀ ਬਿਲ 2025 ਕਿਸਾਨ ਅਤੇ ਮਜ਼ਦੂਰ ਵਿਰੋਧੀ ਹੈ। ਬੀਜ ਬਿਲ 2026 ਵੀ ਕਿਸਾਨਾਂ ਦਾ ਬੀਜ ਤੇ ਹੱਕ ਖੋਹ ਲਵੇਗਾ। ਇਸ ਲਈ ਕਿਸਾਨ ਸਭਾ ਅਤੇ ਖੇਤ ਮਜ਼ਦੂਰ ਯੂਨੀਅਨ ਵਲੋ 29 ਮਈ ਨੂੰ ਜਲੰਧਰ ਵਿਖੇ ਰੈਲੀ ਕੀਤੀ ਜਾ ਰਹੀ ਹੈ। ਜਿਸ ਵਿਚ ਪਿੰਡ ਵਿੱਚੋ ਵਡੀ ਸ਼ਮੂਲੀਅਤ ਕੀਤੀ ਜਾਵੇਗੀ। ਕਾ ਆਏ ਹੋਏ ਸਾਥੀਆਂ ਦਾ ਧਨਵਾਦ ਕੀਤਾ।

### ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਸਾਲਜਬਰਗ ਵਿਖੇ ਖ਼ਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ

# ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ

## ਇੰਟਰਨੈਸ਼ਨਲ ਪੰਥਕ ਦਲ ਅਸਟਰੀਆ ਯੂਰਪ ਦੇ ਪ੍ਰਧਾਨ ਜੱਥੇਦਾਰ ਬਾਬਾ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਵਾਲਿਆਂ ਨੇ ਸ਼ਿਰਕਤ ਕੀਤੀ ਅਤੇ ਸੰਗਤਾਂ ਨੂੰ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ


















ਮਿਤੀ 19-04-2026 ਨੂੰ ਆਸਟਰੀਆ ਯੂਰਪ ਦੇ ਸ਼ਹਿਰ ਸਾਲਜਬਰਗ ਦੇ ਗੁਰਦੁਆਰਾ ਸ੍ਰੀ ਗੁਰੂ ਅੰਗਦ ਦੇਵ ਜੀ ਵਿਖੇ ਖ਼ਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੀ ਭੋਗ ਪਏ ਉੱਪਰੰਤ ਕੀਰਤਨ ਗਾਇਨ ਕੀਤਾ ਗਿਆ ਅਤੇ ਇਟਲੀ ਤੋਂ ਭਾਈ ਰਣਜੀਤ ਸਿੰਘ ਖਾਲਸਾ, ਭਾਈ ਅੰਗਰੇਜ ਸਿੰਘ ਜਾਂਗਲਾ ,ਭਾਈ ਦਵਿੰਦਰ ਸਿੰਘ ਦੇ ਕਵੀਸ਼ਰੀ ਜਥੇ ਨੇ ਕਵੀਸ਼ਰੀ ਵਾਰਾਂ ਰਾਹੀ ਖਾਲਸਾ ਸਾਜਨਾ ਦਿਵਸ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਉੱਪਰੰਤ ਭਾਈ ਸਾਹਿਬ ਜੀ ਭਾਈ ਨਛੱਤਰ ਸਿੰਘ ਜੀ ਭੈਣੀ ਮੱਸਾ ਸਿੰਘ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਆਸਟਰੀਆ ਵਾਲਿਆਂ ਨੇ ਦੂਰੋਂ ਨੇੜਿਓਂ ਚੱਲ ਕੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿੱਤੀਆਂ ਉੱਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ । ਭਾਈ ਸੁਖਜਿੰਦਰ ਸਿੰਘ ਸੁੱਖਾ ਅਤੇ ਬੀਬਾ ਮਨਦੀਪ ਕੌਰ ਸਾਲਜਬਰਗ ਵਾਲਿਆਂ ਨੇ ਵੀ ਆਪਣੇ ਵਿਆਹ ਦੀ ਪੱਚੀਵੀਂ ਵਰੇਗੰਢ ਗੁਰੂ ਘਰ ਸਾਲਜਬਰਗ ਵਿੱਚ ਹੀ ਮਨਾਈ ਅਤੇ ਬੇਅੰਤ ਸੇਵਾਵਾਂ ਕੀਤੀਆਂ । ਇੰਟਰਨੈਸ਼ਨਲ ਪੰਥਕ ਦਲ ਵਲੋਂ ਵੀ ਬੇਅੰਤ ਸੇਵਾਵਾਂ ਕੀਤੀਆਂ ਗਈਆਂ ਭਾਈ ਪਰਦੀਪ ਸਿੰਘ ਜੀ ਪਰਮਾਰ ਇੰਸਬਰੁੱਕ ਤੋਂ ਅਤੇ ਭਾਈ ਰਿੱਕੂ ਰਠੌਰ ਜੀ ਯੂਟਿਊਬਰ ਲਿਨਸ ਸ਼ਹਿਰ ਵਾਲਿਆਂ ਨੇ ਸਾਰੇ ਪ੍ਰੋਗਰਾਮ ਨੂੰ ਲਾਈਵ ਕਰਨ ਦੀ ਸੇਵਾ ਨਿਭਾਈ ਜੋ ਕਿ ਭਾਈ ਸੁਖਜਿੰਦਰ ਸਿੰਘ ਸੁੱਖਾ ਸਾਲਜਬਰਗ ਵਾਲਿਆਂ ਦੇ ਖਾਸ ਰਿਸ਼ਤੇਦਾਰ ਵੀ ਹਨ ਅਤੇ ਕਦੇ ਕਦੇ ਇੰਸਬਰੁੱਕ ਵਿਖੇ ਕਰਵਾਏ ਜਾਂਦੇ ਪਰੋਗਰਾਮਾਂ ਨੂੰ ਲਾਈਵ ਕਰਦੇ ਹਨ ਅੱਜ ਦੇ ਏਸ ਸਮਾਗਮ ਵਿੱਚ ਭਾਈ ਨਛੱਤਰ ਸਿੰਘ ਜੀ ਖਾਲਸਾ , ਭਾਈ ਹਰਮੇਲ ਸਿੰਘ ਜੀ ਪਰਧਾਨ ਸਾਲਜਬਰਗ , ਭਾਈ ਸਾਗਰਪਾਲ ਸਿੰਘ ਜੀ ਵਿਰਕ , ਭਾਈ ਰਵਿੰਦਰ ਸਿੰਘ ਜੀ ਰੈਂਸੀ , ਭਾਈ ਬਲਵਿੰਦਰ ਸਿੰਘ ਰੰਧਾਵਾ, ਭਾਈ ਹਰਪ੍ਰੀਤ ਸਿੰਘ ਪੰਮਾ ਪਰਧਾਨ ਇੰਸਬਰੁੱਕ , ਭਾਈ ਗੁਰਪ੍ਰੀਤ ਸਿੰਘ ਗੋਪੀ ਨਾਗੋਕੇ ਸੈਕਟਰੀ ਇੰਸਬਰੁੱਕ ਪ੍ਰਬੰਧਕ ਕਮੇਟੀ , ਭਾਈ ਤਰਨਜੀਤ ਸਿੰਘ ਪਰਮਾਰ ਜਰਮਨੀ ਕਮੇਟੀ ਮੈਂਬਰ ਇੰਸਬਰੁੱਕ, ਭਾਈ ਦਿਲਪ੍ਰੀਤ ਸਿੰਘ ਖਾਲਸਾ ਇੰਸਬਰੁੱਕ, ਚੌਧਰੀ ਆਬਾਸ ਲਹਿੰਦੇ ਪੰਜਾਬ ਤੋਂ ਮੈਂਬਰ ਇੰਸਬਰੁੱਕ, ਭਾਈ ਬਲਬੀਰ ਸਿੰਘ ਜੀ ਸਾਲਜਬਰਗ , ਭਾਈ ਪਰਸ਼ਨ ਸਿੰਘ ਸੰਧੂ ਵਾਈਸ ਪ੍ਰਧਾਨ ਇੰਸਬਰੁੱਕ ਦਾ ਸਾਰਾ ਪਰਿਵਾਰ , ਭਾਈ ਸਰਬਜੀਤ ਸਿੰਘ ਸਾਰਾ ਪਰਿਵਾਰ ਕੁੱਫਸਟਾਈਨ ਤੋਂ, ਜਰਮਨੀ ਇਟਲੀ ਸਾਲਜਬਰਗ ਦੇ ਆਲੇ ਦੁਆਲੇ ਪਿੰਡਾਂ ਤੋਂ, ਲਿਨਸ ਸ਼ਹਿਰ ਤੋਂ ਬੇਅੰਤ ਸੰਗਤਾਂ ਨੇ ਹਾਜ਼ਰੀ ਭਰੀ।

**-ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ**



ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# ਨੰਬਰਦਾਰ ਪਰਿਵਾਰ ਸ.ਸਿੰਗਾਰਾ ਸਿੰਘ ਦਾ ਇਕਲੌਤਾ ਨੌਜਵਾਨ ਪੁੱਤਰ ਗੁਰਸੇਵਕ ਸਿੰਘ ਅਕਾਲ ਚਲਾਣਾ ਕਰ ਗਿਆ, ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਾਥੀਆਂ ਸਮੇਤ ਅਫਸੋਸ ਕਰਨ ਵਾਸਤੇ ਪੁੱਜੇ









ਸਾਡੇ ਦਾਦੂ ਸਾਹਿਬ ਪਿੰਡ ਦੇ ਨੰਬਰਦਾਰ ਪਰਿਵਾਰ ਸ.ਸਿੰਗਾਰਾ ਸਿੰਘ ਦਾ ਇਕਲੌਤਾ ਨੌਜਵਾਨ ਪੁੱਤਰ ਗੁਰਸੇਵਕ ਸਿੰਘ ਬਿਜਲੀ ਦੀ ਮੋਟਰ ਚਲਾਉਣ ਵਾਲੇ ਕਰੰਟ ਲੱਗਣ ਨਾਲ ਅਕਾਲ ਚਲਾਣਾ ਕਰ ਗਿਆ ਅਤੇ ਦਾਦੂ ਸਾਹਿਬ ਪਿੰਡ ਦੇ ਹੀ ਸਾਡੇ ਸ.ਸਤਨਾਮ ਸਿੰਘ ਸੱਤਾ ਦਾ ਛੋਟਾ ਭਰਾ ਐਕਸੀਡੈਂਟ ਵਿੱਚ ਅਕਾਲ ਚਲਾਣਾ ਕਰ ਗਿਆ ਦੋਨੋਂ ਬਹੁਤ ਦੁਖਦਾਈ ਘਟਨਾਵਾਂ ਹਨ ਉਨਾਂ ਦੋਨਾਂ ਦੇ ਗ੍ਰਹਿ ਵਿਖੇ ਅੱਜ 23 ਅਪ੍ਰੈਲ 2026 ਨੂੰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਸਾਥੀਆਂ ਸਮੇਤ ਅਫਸੋਸ ਕਰਨ ਵਾਸਤੇ ਪੁੱਜੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਇਕ ਮਈ ਮਜ਼ਦੂਰ ਦਿਵਸ ਵਾਲੇ ਦਿਨ

# ਵਿੱਤ ਮੰਤਰੀ ਦੀ ਕੋਠੀ ਦਾ ਕਰਾਂਗੇ ਘਿਰਾਓ : ਆਗੂ



ਫ਼ਿਰੋਜ਼ਪੁਰ, 23 ਅਪ੍ਰੈਲ (ਮਨੋਹਰ ਲਾਲ) :— ਠੇਕਾ ਮੁਲਾਜਮ ਸੰਘਰਸ਼ ਮੋਰਚਾ ਪੰਜਾਬ ਵਿੱਚ ਸ਼ਾਮਲ ਵੱਖ—ਵੱਖ ਜਥੇਬੰਦੀਆਂ ਦੇ ਆਗੂਆਂ ਦੀ ਸਾਂਝੀ ਮੀਟਿੰਗ ਰੱਖ ਬਾਗ ਲੁਧਿਆਣਾ ਵਿਚ ਹੋਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਵਰਿੰਦਰ ਸਿੰਘ ਮੋਮੀ, ਪਵਨਦੀਪ, ਰਮਨਦੀਪ ਸਿੰਘ, ਲਛਮਣ ਸਿੰਘ, ਹਰਜਿੰਦਰਪਾਲ ਸਿੰਘ, ਜਗਦੀਪ, ਜ਼ਿਲ੍ਹਾ ਪ੍ਰੈਸ ਸਕੱਤਰ ਰਣਜੀਤ ਸਿੰਘ ਖਾਲਸਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਬਣਾਈ ਗਈ ਕੱਚੇ, ਠੇਕਾ ਮੁਲਾਜਮਾਂ ਨੂੰ ਪੱਕਾ ਕਰਨ ਵਾਲੀ ਕੈਬਨਿਟ ਸਬ ਕਮੇਟੀ ਵੱਲੋਂ ਪਿਛਲੇ 4 ਸਾਲਾਂ ਤੋਂ ਠੇਕਾ ਮੁਲਾਜ਼ਮਾਂ ਨਾਲ ਲਗਾਏ ਝੂਠੇ ਲਾਰਿਆਂ ਰੱਖਿਆ ਹੋਇਆ ਹੈ, ਜਿਸ ਦੇ ਵਿਰੋਧ ਵੱਜੋਂ ਸਬ ਕਮੇਟੀ ਦੇ ਚੇਅਰਮੈਨ ਕਮ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਕੋਠੀ ਦਾ ਘਿਰਾਓ ਇਕ ਮਈ ਮਜ਼ਦੂਰ ਦਿਵਸ਼ ਵਾਲੇ ਦਿਨ ਸੰਗਰੂਰ ਵਿਖੇ ਕੀਤਾ ਜਾਵੇਗਾ, ਜਿਸ ਵਿਚ ਕਾਮਿਆਂ ਵੱਲੋਂ ਆਪਣੇ ਪਰਿਵਾਰਾਂ, ਬੱਚਿਆਂ ਸਮੇਤ ਸ਼ਮੂਲੀਅਤ ਕੀਤੀ ਜਾਵੇਗੀ। ਆਗੂਆਂ ਨੇ ਮੰਗ ਕੀਤੀ ਕਿ ਵੱਖ—ਵੱਖ ਸਰਕਾਰੀ ਵਿਭਾਗਾਂ ਵਿੱਚ ਪਿਛਲੇ ਲੰਮੇ ਅਰਸੇ ਤੋਂ ਕੰਮ ਕਰਦੇ ਆ ਰਹੇ ਇਨਲਿਸਟਮੈਂਟ ਅਤੇ ਆਊਟਸੋਰਸ ਠੇਕਾ ਮੁਲਾਜਮਾਂ ਨੂੰ ਸਬੰਧਤ ਵਿਭਾਗਾਂ ਵਿੱਚ ਮਰਜ ਕਰਕੇ ਰੈਗੂਲਰ ਕੀਤਾ ਜਾਵੇ, ਗੁਜਾਰੇ ਯੋਗ, ਘੱਟੋ—ਘੱਟ ਉਜਰਤ ਦੇ ਕਾਨੂੰਨ 1948 ਅਤੇ 15ਵੀਂ ਲੇਬਰ ਕਾਨਫਰੰਸ ਦੀਆਂ ਸਿਫਾਰਸ਼ਾਂ ਨੂੰ ਅਧਾਰ ਮੰਨ ਕੇ ਇਨਲਿਸਟਮੈਂਟ ਆਊਟਸੋਰਸ ਮੁਲਾਜਮਾਂ ਦੀ ਤਨਖਾਹ ਤੈਅ ਕੀਤੀ ਜਾਵੇ, ਬਰਾਬਰ ਕੰਮ ਲਈ ਬਰਾਬਰ ਤਨਖਾਹ ਦੇ ਵਿਗਿਆਨਕ ਅਸੂਲ ਨੂੰ ਲਾਗੂ ਕੀਤਾ ਜਾਵੇ, ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਪੰਚਾਇਤੀਕਰਨ ਦੀ ਨੀਤੀ ਨੂੰ ਤੁਰੰਤ ਰੱਦ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਸੇਵਾ ਸਮੇਂ ਦੌਰਾਨ ਹੋਣ ਵਾਲੇ ਗੈਰ ਘਾਤਕ ਹਾਦਸਿਆਂ 100 ਫੀਸਦੀ ਭਰਪਾਈ ਵਿਭਾਗ ਵੱਲੋਂ ਕਰਨ ਦੀ ਗਰੰਟੀ ਕੀਤੀ ਜਾਵੇ, ਪਰ ਘਾਤਕ ਹਾਦਸਿਆਂ ਦੀ ਸੂਰਤ ਵਿੱਚ ਘੱਟੋ—ਘੱਟ ਪਰਿਵਾਰ ਨੂੰ 50 ਲੱਖ ਰੁਪਏ ਮੁਆਵਜ਼ੇ ਦੀ ਅਦਾਇਗੀ ਦੇ ਨਾਲ ਪਰਿਵਾਰ ਦੇ ਇਕ ਜੀਅ ਨੂੰ ਪੱਕੀ ਨੌਕਰੀ ਅਤੇ ਪੈਨਸ਼ਨ ਦਾ ਪ੍ਰਬੰਧ ਕੀਤਾ ਜਾਵੇ। ਰਿਟਾਇਰਮੈਂਟ ਹੋਣ ਤੇ ਇਨਲਿਸਟਮੈਂਟ ਆਊਟਸੋਰਸ ਠੇਕਾ ਮੁਲਾਜ਼ਮਾਂ ਲਈ ਪੈਨਸ਼ਨ ਅਤੇ ਗਰੈਚੁਟੀ ਦੇ ਲਾਭ ਦੀ ਅਦਾਇਗੀ ਕੀਤੀ ਜਾਵੇ। ਇਸ ਵਿਉਂਤਬੰਦੀ ਨੂੰ ਲਾਗੂ ਕਰਨ ਦੇ ਸਮੇਂ ਤੱਕ ਹਰ ਰਿਟਾਇਰੀ ਮੁਲਾਜ਼ਮ ਨੂੰ 50 ਲੱਖ ਰੁਪਏ ਦੀ ਅਦਾਇਗੀ ਦੇ ਨਾਲ—ਨਾਲ ਪਰਿਵਾਰ ਦੇ ਇੱਕ ਜੀਅ ਲਈ ਨੌਕਰੀ ਦਾ ਪ੍ਰਬੰਧ ਕੀਤਾ ਜਾਵੇ।

# ਡੀ.ਸੀ ਆਫਿਸ ਅੰਮ੍ਰਿਤਸਰ ਦਾ ਕਾਰਨਾਮਾ ਇਕਬਾਲ ਸਿੰਘ ਦੀ ਥਾਂ ਤੇ ਜ਼ੋਗਾ ਰਾਮ ਦਾ ਪਰੂਫ



ਫ਼ਿਰੋਜ਼ਪੁਰ, 23 ਅਪ੍ਰੈਲ (ਮਨੋਹਰ ਲਾਲ) :— ਡੀ.ਸੀ ਆਫਿਸ ਅੰਮ੍ਰਿਤਸਰ ਦਾ ਇਕ ਕਾਰਨਾਮਾ ਸਾਹਮਣੇ ਆਇਆ ਹੈ, ਜਦੋਂ ਕਿ ਇਕਬਾਲ ਸਿੰਘ ਪੁੱਤਰ ਸ: ਸੁਲਖਣ ਸਿੰਘ ਫਰੀਡਮ ਫਾਈਟਰ ਫ਼ਿਰੋਜ਼ਪੁਰ ਇਕ ਐਨ ਰਜਿਸਟਰਡ ਡਾਕੂਮੈਂਟ ਦੀ ਨਕਲ ਮਿਤੀ 07.01.2026 ਨੂੰ ਸੁਵਿਧਾ ਸੈਂਟਰ ਡੀ.ਸੀ ਆਫਿਸ ਅੰਮ੍ਰਿਤਸਰ ਤੋਂ ਲੈਣ ਬਾਰੇ ਅਪਲਾਈ ਕੀਤਾ ਸੀ ਅਤੇ ਡੀ.ਸੀ ਆਫਿਸ ਅੰਮ੍ਰਿਤਸਰ ਨੇ ਸਾਨੂੰ ਮੈਸਜ਼ ਪਾਇਆ ਕਿ ਤੁਹਾਨੂੰ 10—11—25 ਨੂੰ ਤੁਹਾਨੂੰ ਨਕਲ ਦਿੱਤੀ ਜਾ ਚੁੱਕੀ ਹੈ, ਜਦ ਕਿ ਅਸੀਂ ਇਸ ਬਾਰੇ ਰਸੀਦ ਦੀ ਮੰਗ ਕੀਤੀ ਤਾਂ ਉਨ੍ਹਾਂ ਨੇ ਜ਼ੋਗਾ ਰਾਮ ਨਾਮ ਦੇ ਵਿਅਕਤੀ ਦੀ ਰਸੀਦ ਇਕਬਾਲ ਸਿੰਘ ਨੂੰ ਭੇਜ਼ ਦਿੱਤੀ ਗਈ, ਜਿਸ ਤੇ ਜ਼ੋਗਾ ਰਾਮ ਨੇ ਮਿਤੀ 25.10.2025 ਨੂੰ ਅਪਲਾਈ ਕੀਤਾ ਹੋਇਆ ਹੈ। ਇਹ ਨਕਲ ਰੈਵੀਨਿਊ ਰਿਕਾਰਡ ਰੂਮ ਡੀ.ਸੀ ਆਫਿਸ ਅੰਮ੍ਰਿਤਸਰ ਸਾਹਿਬ ਨਾਲ ਸਬੰਧਤ ਹੈ ਅਤੇ ਸਬੰਧਤ ਕਲਰਕ ਇਹ ਰਿਪੋਰਟ ਤਹਿਸੀਲਦਾਰ ਅਜਨਾਲਾ ਕੋਲ ਮੰਗ ਰਹਿ ਹਨ, ਸਾਲ 1948 ਵਿਚ ਉਸ ਵੇਲੇ ਦੇ ਡੀ.ਸੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਉਸ ਵੇਲੇ ਦੇ ਤਹਿਸੀਲਦਾਰ ਸ: ਬਲਵੰਤ ਸਿੰਘ ਛਾਬੜਾ ਨੂੰ ਕਲੇਮ ਅਫਸਰ ਲਾਹੌਰ ਕੈਂਪ ਐਡ ਸ੍ਰੀ ਅੰਮ੍ਰਿਤਸਰ ਲਗਾਇਆ ਗਿਆ ਸੀ ਅਤੇ ਉਨ੍ਹਾਂ ਨੇ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਦੇ ਅਨੇਕਾਂ ਕਲੇਮ ਜਾਰੀ ਕਰਨ ਤੋਂ ਬਾਅਦ ਉਨ੍ਹਾਂ ਵੱਲੋਂ ਜ਼ੋ ਵੀ ਰਿਕਾਰਡ ਸੀ ਰੈਵੀਨਿਊ ਰਿਕਾਰਡ ਰੂਮ ਵਿਚ ਜਮ੍ਹਾਂ ਕਰਵਾਇਆ ਗਿਆ ਸੀ, ਜ਼ੋ ਵੀ ਜ਼ਿਲ੍ਹਾ ਲੇਵਰ ਦੇ ਅਧਿਕਾਰੀ ਜਿਵੇਂ ਕਿ ਡੀ.ਸੀ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ, ਏ.ਡੀ.ਸੀ ਸਾਹਿਬ, ਡੀ.ਆਰ.ਓ ਸਾਹਿਬ, ਡੀ.ਡੀ.ਪੀ.ਓ ਸਾਹਿਬ, ਐਸ.ਡੀ.ਐਮ ਸਾਹਿਬ ਇਥੋਂ ਤੱਕ ਕਿ ਤਹਿਸੀਲਦਾਰ ਅਤੇ ਨਾਇਬ ਤਹਿਸੀਲਦਾਰ ਆਦਿ ਜ਼ੋ ਵੀ ਫੈਸਲਾ ਕਰਦੇ ਹਨ, ਉਸ ਦਾ ਰਿਕਾਰਡ ਜ਼ਿਲ੍ਹਾ ਲੇਵਰ ਦੇ ਰੈਵੀਨਿਊ ਰਿਕਾਰਡ ਰੂਮ ਵਿਚ ਜਮ੍ਹਾਂ ਕਰਵਾਇਆ ਜਾਂਦਾ ਹੈ। ਇਸ ਤਰ੍ਹਾਂ ਇਨ੍ਹਾਂ ਕਲੇਮਾਂ ਸਬੰਧੀ ਰਿਕਾਰਡ ਵੀ ਤਹਿਸੀਲਦਾਰ ਸਾਹਿਬ ਵੱਲੋਂ ਰੈਵੀਨਿਊ ਰਿਕਾਰਡ ਰੂਮ ਡੀ.ਸੀ ਆਫਿਸ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਜਮ੍ਹਾਂ ਕਰਵਾਇਆ ਗਿਆ ਸੀ। ਇਹ ਕਿ ਡੀ.ਸੀ ਆਫਿਸ ਅੰਮ੍ਰਿ.ਸਰ ਦੇ ਮੁਲਾਜ਼ਮਾਂ ਨੇ ਕਿਹਾ ਕਿ 2025 ਵਿਚ ਰੈਵੀਨਿਊ ਰਿਕਾਰਡ ਰੂਮ ਨੂੰ ਅੱਗ ਲੱਗ ਗਈ ਸੀ ਅਤੇ ਮਹਿਕਮੇ ਵੱਲੋਂ ਸਬੰਧਤ ਥਾਣੇ ਵਿਚ ਐਫ.ਆਈ.ਆਰ ਦਰਜ ਹੈ, ਇਸ ਨਾਲ ਸਬੰਧਤ ਹੈਡ ਕਲਰਕ ਸ੍ਰੀਮਤੀ ਦਲਬੀਰ ਕੌਰ, ਕਲਰਕ ਸ੍ਰੀਮਤੀ ਪੂਜਾ ਲਖਣਪਾਲ ਅਤੇ ਸੁਪਰਡੈਂਟ ਸਾਹਿਬ ਸ: ਹਰਪਾਲ ਸਿੰਘ ਡੀ.ਸੀ ਆਫਿਸ ਅੰਮ੍ਰਿਤਸਰ ਹਨ, ਇਨ੍ਹਾਂ ਨੂੰ ਬਹੁਤ ਫੋਨ ਕਰਨ ਤੇ ਇਹ ਫੋਨ ਨਹੀਂ ਚੁੱਕਦੇ। ਇਸ ਸਬੰਧੀ ਡੀ.ਸੀ ਸਾਹਿਬ ਅੰਮ੍ਰਿਤਸਰ ਨੂੰ ਵੀ ਸ਼ਿਕਾਇਤ ਕੀਤੀ ਗਈ, ਪਰ ਉਨ੍ਹਾਂ ਨੇ ਵੀ ਕੋਈ ਐਕਸ਼ਨ ਨਹੀਂ ਲਿਆ। ਇਹ ਕੇਸ ਫਰੀਡਮ ਫਾਈਟਰ ਪਰਿਵਾਰ ਨਾਲ ਸਬੰਧਤ ਹੈ। ਜਦ ਕਿ ਫਰੀਡਮ ਫਾਈਟਰ ਦਾ ਇਹ ਹਾਲ ਹੈ ਤਾਂ ਆਮ ਜਨਤਾ ਦਾ ਕੀ ਹਾਲ ਕਰਦੇ ਹੋਣਗੇ। ਇਹ ਕਿ ਪ੍ਰਾਰਥੀ ਵੱਲੋਂ ਇਨ੍ਹਾਂ ਚਾਰ ਮਹੀਨਿਆਂ ਵਿਚ ਕਈ ਚੱਕਰ ਫ਼ਿਰੋਜ਼ਪੁਰ ਤੋਂ ਅੰਮ੍ਰਿਤਸਰ ਦੇ ਲਗਾਏ ਗਏ ਹਨ, ਇਕ ਵਾਰ ਫ਼ਿਰੋਜ਼ਪੁਰ ਤੋਂ ਅੰਮ੍ਰਿਤਸਰ ਆਉਣ ਦਾ ਖਰਚਾ 2500 ਰੁਪਇਆ ਆਉਂਦਾ ਹੈ ਅਤੇ ਮੈਂ ਬੱਸ ਜਾਂ ਕਿਸੇ ਵੀ ਵਹੀਕਲ ਤੋਂ ਚੜ੍ਹ ਉਤਰ ਨਹੀਂ ਸਕਦਾ।

### ਜੰਡਿਆਲਾ ਗੁਰੂ ਨਗਰ ਕੌਂਸਲ ਚੋਣਾਂ ਦੌਰਾਨ

# ਟਿਕਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਵਿੱਚ ਲਗਾਤਾਰ ਬਗਾਵਤ



**ਜੰਡਿਆਲਾ ਗੁਰੂ, 23 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਨਗਰ ਕੌਂਸਲ ਚੋਣਾਂ ਨੂੰ ਲੈਕੇ ਸਾਰੀਆਂ ਸਿਆਸੀ ਪਾਰਟੀਆਂ ਵਲੋਂ ਸਰਗਰਮੀਆ ਤੇਜ ਕਰ ਦਿੱਤੀਆਂ ਗਈਆਂ ਹਨ । ਇਸੇ ਲੜੀ ਦੇ ਤਹਿਤ ਕਾਂਗਰਸ ਪਾਰਟੀ ਵਲੋ ਚੋਣਾਂ ਵਿੱਚ ਮਜ਼ਬੂਤ ਸਥਿਤੀ ਲਿਆਉਣ ਲਈ ਨਵੇਂ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਦੀ ਚੋਣ ਪਿਛਲੇ ਦਿਨੀ ਕੀਤੀ ਗਈ ਸੀ ਤਾਂ ਜ਼ੋ ਹਰ ਵਾਰਡ ਵਿਚ ਕਾਂਗਰਸ ਮੌਜੂਦਾ ਸਰਕਾਰ ਦੇ ਮੁਕਾਬਲੇ ਮਜ਼ਬੂਤ ਉਮੀਦਵਾਰ ਖੜੇ ਕਰ ਸਕੇ ਪਰ ਸ਼ੋਸ਼ਲ ਮੀਡੀਆ ਵਿੱਚ ਹੋ ਰਹੇ ਪਰਚਾਰ ਵਿਚ ਇਹ ਕਿਹਾ ਜਾ ਰਿਹਾ ਹੈ ਕਿ ਕਾਂਗਰਸ ਮੌਜੂਦਾ 15 ਵਾਰਡ ਵਿੱਚੋ ਅਕਾਲੀ ਦਲ ਨਾਲ ਸਮਝੌਤੇ ਤਹਿਤ 8 ਉਮੀਦਵਾਰ ਖੜੇ ਕਰ ਰਹੀ ਹੈ ਬਾਕੀ 7 ਵਾਰਡ ਵਿਚ ਅਕਾਲੀ ਦਲ ਉਮੀਦਵਾਰ ਖੜ੍ਹੇ ਕਰੇਗਾ ਅਤੇ ਇਕ ਦੂਸਰੇ ਖਿਲਾਫ ਕੋਈ ਉਮੀਦਵਾਰ ਨਹੀਂ ਖੜਾ ਕੀਤਾ ਜਾਵੇਗਾ ਪਰ ਫਿਲਹਾਲ ਇਸਦੀ ਕੋਈ ਅਧਿਕਾਰਿਤ ਪੁਸ਼ਟੀ ਨਹੀਂ ਹੋਈ ਹੈ ਸਿਰਫ ਸ਼ੋਸ਼ਲ ਮੀਡੀਆ ਤੇ ਹੀ ਕੁਝ ਪਰਚਾਰ ਦੇਖਣ ਨੂੰ ਮਿਲ ਰਿਹਾ ਹੈ। ਬੀਤੇ ਦਿਨੀਂ ਕਾਂਗਰਸ ਦੇ ਸ਼ਹਿਰੀ ਪ੍ਰਧਾਨ ਦੀ ਚੋਣ ਤੋਂ ਬਾਅਦ ਇਕ ਮੌਜੂਦਾ ਕਾਂਗਰਸੀ ਆਗੂ ਨੇ ਬਗਾਵਤ ਦਾ ਝੰਡਾ ਚੁੱਕ ਲਿਆ ਸੀ ਅਤੇ ਆਪ ਵਿਚ ਜਾਣ ਦੀ ਪੂਰੀ ਤਿਆਰੀ ਸੀ ਪਰ ਐਨ ਮੌਕੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਵਲੋ ਮੌਕੇ ਨੂੰ ਸੰਭਾਲਿਆ ਗਿਆ ਸੀ ਕਿਉਕਿ ਉਹ ਆਗੂ ਡੈਨੀ ਬੰਡਾਲਾ ਦਾ ਰਿਸ਼ਤੇਦਾਰ ਵੀ ਦਸਿਆ ਜਾ ਰਿਹਾ ਹੈ । ਹੁਣ ਇਕ ਵਾਰ ਫਿਰ ਉਹੀ ਸਥਿਤੀ ਵਾਰਡ ਨੰਬਰ 9 ਵਿਚ ਦੇਖਣ ਨੂੰ ਮਿਲੀ ਜਿੱਥੇ ਕਾਂਗਰਸ ਨੇ ਪੁਰਾਣੇ ਮਿਹਨਤੀ ਕਾਂਗਰਸੀ ਆਗੂ ਮਨਜਿੰਦਰ ਸਿੰਘ ਹੈਪੀ ਨੂੰ ਅਣਗੌਲਿਆ ਕਰਦੇ ਹੋਏ ਦੂਸਰੇ ਕਿਸੇ ਆਗੂ ਨੂੰ ਟਿਕਟ ਦੇਣ ਦਾ ਭਰੋਸਾ ਦੇ ਦਿੱਤਾ ਜਿਸਤੋਂ ਨਰਾਜ ਹੋਕੇ ਹੈਪੀ ਵਲੋ ਝਾੜੂ ਪਾਰਟੀ ਦਾ ਝੰਡਾ ਫੜ ਲਿਆ ਗਿਆ ਹੈ । ਦਸਿਆ ਜਾ ਰਿਹਾ ਹੈ ਵਾਰਡ ਜਨਰਲ ਹੋਣ ਕਰਕੇ ਕਾਂਗਰਸ ਪਾਰਟੀ ਓਥੋਂ ਅਨੁਸੂਚਿਤ ਜਾਤੀ ਦਾ ਆਗੂ ਨਹੀਂ ਖੜਾ ਕਰਨਾ ਚਾਹੁੰਦੀ । ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਪਾਰਟੀ ਵਿਚ ਨਗਰ ਕੌਂਸਲ ਦੀਆਂ ਟਿਕਟਾਂ ਨੂੰ ਲੈਕੇ ਹੋਰ ਵੀ ਬਗਾਵਤ ਹੋਣ ਦੀ ਸੰਭਾਵਨਾ ਹੈ । ਕੁਝ ਆਗੂਆਂ ਨੇ ਆਪਣਾ ਨਾਮ ਨਾ ਛਾਪਣ ਦੀ ਸਥਿਤੀ ਚ ਕਿਹਾ ਕਿ ਅਗਰ ਕਾਂਗਰਸ ਪਾਰਟੀ ਨਗਰ ਕੌਂਸਲ ਚੋਣਾਂ ਚ ਅਕਾਲੀ ਦਲ ਨਾਲ ਸਮਝੌਤਾ ਕਰਦੀ ਹੈ ਤਾਂ ਆਉਣ ਵਾਲੀ ਵਿਧਾਨ ਸਭਾ ਚੋਣ ਚ ਇਸਨੂੰ ਖਮਿਆਜਾ ਭੁਗਤਣਾ ਪਵੇਗਾ । ਫਿਲਹਾਲ ਨਗਰ ਕੌਂਸਲ ਚੋਣਾਂ ਸਬੰਧੀ ਕਿਸੇ ਵੀ ਪਾਰਟੀ ਵਲੋ ਕੋਈ ਉਮੀਦਵਾਰ ਪੱਕੇ ਤੌਰ ਤੇ ਐਲਾਨ ਨਹੀਂ ਕੀਤਾ ਗਿਆ ਪਰ ਪਰਮੁੱਖ ਦਾਅਵੇਦਾਰ ਅਪਨੀ ਉਮੀਦ ਦੇ ਅਨੁਸਾਰ ਵਾਰਡ ਵਿਚ ਪਰਚਾਰ ਕਰਨ ਵਿਚ ਸਰਗਰਮ ਦਿਖਾਈ ਦੇ ਰਹੇ ਹਨ ।

# ਜੇਕਰ ਪੁਲਿਸ ਵੱਲੋਂ ਮੇਰੀ ਘਰ ਵਾਲੀ ਪਰਮਜੀਤ ਕੌਰ ਨੂੰ ਬੱਸ ਹੇਠ ਦੇਣ ਵਾਲੇ ਦੋਸ਼ੀ ਤੇ ਕਾਰਵਾਈ ਨਾ ਹੋਈ ਤਾਂ ਪੁਲਿਸ ਖਿਲਾਫ ਧਰਨਾ ਲਾਉਣ ਲਈ ਮਜ਼ਬੂਰ ਹੋਵਾਂਗੇ—ਕੁਲਵੰਤ ਸਿੰਘ



**ਫ਼ਿਰੋਜ਼ਪੁਰ, 23 ਅਪ੍ਰੈਲ (ਮਨੋਹਰ ਲਾਲ)** :— ਇਕ ਦਰਖਾਸਤ ਕੁਲਵੰਤ ਸਿੰਘ ਪੁੱਤਰ ਜ਼ੋਗਿੰਦਰ ਸਿੰਘ ਵਾ ਨੇੜੇ ਮਾਰਕਫੈਡ ਗਿਦੜਬਾਹਾ ਹਰਲ ਅਬਾਦੂ ਵਾਸੀ ਫ਼ਿਰੋਜ਼ਪੁਰ ਛਾਉਣੀ ਨੇ ਇਕ ਦਰਖਾਸਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪੁਲਿਸ ਦੇ ਡੀ.ਜੀ.ਪੀ, ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੂੰ ਭੇਜ਼ ਕੇ ਮੰਗ ਕੀਤੀ ਹੈ ਕਿ ਅਸੀਂ ਮਿਤੀ 15.06.2025 ਨੂੰ ਮੈਂ ਕੁਲਵੰਤ ਸਿੰਘ ਅਤੇ ਮੇਰੀ ਘਰਵਾਲੀ ਪਰਮਜੀਤ ਕੌਰ ਘਰੇਲੂ ਕੰਮਕਾਰ ਲਈ ਸ਼ਹਿਰ ਗਏ ਸੀ ਅਤੇ ਜਦੋਂ ਵਕਤ ਤਕਰੀਬਨ 7.42 ਰਾਤ ਦਾ ਹੋਵੇਗਾ ਕਿ ਅਸੀਂ ਆਪਣੇ ਪਿੰਡ ਗਿੱਦੜਬਾਹਾ (ਕਸਬਾ) ਵੱਲੋਂ ਪੈਦਲ ਆ ਰਹੇ ਸੀ ਤਾਂ ਸਾਡੇ ਬੈਕਸਾਈਡ ਤੋਂ ਉਪਰੋਕਤ ਬੱਸ ਨੰਬਰੀ ਪੀ.ਬੀ.04ਵੀ 2919 ਪੀ.ਆਰ.ਟੀ.ਸੀ ਬਠਿੰਡਾ ਡੀਪੂ ਦੀ ਸੀ, ਜਿਸ ਦੇ ਡਰਾਈਵਰ ਦਾ ਨਾਮ ਅਤੇ ਹੁਲੀਆ ਸਾਨੂੰ ਨਾ ਮਾਲੂਮ ਹੈ ਨੇ ਮੇਰੀ ਘਰਵਾਲੀ ਨੂੰ ਪਿਛੇ ਦੀ ਫੇਟ ਮਾਰਕੇ ਸੜਕ ਉਪਰ ਬੱਸ ਹੇਠਾ ਕੁਲਚ ਕੇ ਮਾਰ ਦਿੱਤਾ, ਜਿਸ ਵਜੋਂ ਮੇਰੀ ਘਰਵਾਲੀ ਪਰਮਜੀਤ ਕੌਰ ਦੀ ਮੌਕੇ ਤੇ ਮੌਤ ਹੋ ਗਈ, ਜਿਸ ਦਾ ਪੋਸਟ ਮਾਰਟਮ ਗਿਦੜਬਾਹਾ ਵਿਖੇ ਹੋਇਆ ਸੀ ਅਤੇ ਇਸ ਦੀ ਐਫ.ਆਈ.ਆਰ ਗਿੱਦੜਬਾਹਾ ਪੁਲਿਸ ਵੱਲੋਂ ਦਰਜ ਕੀਤੀ ਗਈ ਸੀ, ਪਰ ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੁਲਿਸ ਨੇ ਸਾਡੇ ਕੇਸ ਦੀ ਕੋਈ ਇਨਕੁਆਰੀ ਨਹੀਂ ਕੀਤੀ, ਅਸੀਂ ਬਾਰ—ਬਾਰ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੂੰ ਬੇਨਤੀ ਕਰ ਚੁੱਕੇ ਹਾਂ, ਜਦ ਕਿ ਅਸੀਂ ਬੱਸ ਦਾ ਨੰਬਰ ਵੀ ਪੁਲਿਸ ਨੂੰ ਦੇ ਦਿੱਤਾ ਹੈ ਅਤੇ ਕੈਮਰਿਆਂ ਦੀ ਫੁਟੇਜ਼ ਵੀ ਪੁਲਿਸ ਵੇਖ ਚੁੱਕੀ ਹੈ, ਪਰ ਫਿਰ ਵੀ ਦੋਸ਼ੀਆਂ ਖਿਲਾਫ ਕੋਈ ਕਾਰਵਾਈ ਨਹੀਂ ਹੋ ਰਹੀ, ਅਸੀਂ ਪੰਜਾਬ ਪੁਲਿਸ ਦੇ ਡੀ.ਜੀ.ਪੀ ਚੰਡੀਗੜ੍ਹ ਤੋਂ ਮੰਗ ਕਰਦੇ ਹਾਂ ਕਿ ਸਾਡੇ ਕੇਸ ਵਿਚ ਬੱਸ ਨੰਬਰ ਪੀ.ਬੀ04 ਵੀ2919 (ਪੀ.ਆਰ.ਟੀ.ਸੀ) ਬਠਿੰਡਾ ਡੀਪੂ ਦੇ ਡਰਾਈਵਰ ਨੂੰ ਸ਼ਾਮਲ ਬਤੌਰ ਮੁਲਜਮ ਮੁਕੱਦਮੇ ਵਿਚ ਨਾਮਜਦ ਕੀਤਾ ਜਾਵੇ ਅਤੇ ਸਾਨੂੰ ਇਨਸਾਫ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਾਡੇ ਬਾਰ—ਬਾਰ ਬੇਨਤੀ ਕਰਨ ਦੇ ਬਾਵਜੂਦ ਵੀ ਪੁਲਿਸ ਨੇ ਸਾਡੀ ਕੋਈ ਸੁਣਵਾਈ ਨਾ ਕੀਤੀ ਤਾਂ ਅਸੀਂ ਮਜ਼ਬੂਰ ਹੋ ਕੇ ਥਾਣਾ ਗਿੱਦੜਬਾਹਾ ਦੇ ਸਾਹਮਣੇ ਧਰਨਾ ਦੇਣ ਲਈ ਮਜ਼ਬੂਰ ਹੋਵਾਂਗੇ।

# ਬੇਅਦਬੀ ਕਾਨੂੰਨ ਦੀ ਤਰ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਬਾਰੇ ਵੀ ਕਾਨੂੰਨ ਬਣਾਇਆ ਜਾਵੇ—ਫੈਡਰੇਸ਼ਨ ਮਹਿਤਾ



**ਫ਼ਿਰੋਜ਼ਪੁਰ, 23 ਅਪ੍ਰੈਲ (ਮਨੋਹਰ ਲਾਲ)** :— ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸਬੰਧੀ ਬਣਾਏ ਨਵੇਂ ਕਾਨੂੰਨ ਦੀ ਚੁਫੇਰਿਓ ਸ਼ਲਾਘਾ ਹੋ ਰਹੀ ਹੈ ਅਤੇ ਆਪ ਸਰਕਾਰ ਦੇ ਵਿਰੋਧੀ ਆਗੂ ਵੀ ਇਸ ਨਵੇਂ ਬਣਾਏ ਅਤੇ ਪਾਸ ਕੀਤੇ ਕਾਨੂੰਨ ਤੋਂ ਮੱਥੇ ਤੇ ਹੱਥ ਧਰ ਕੇ ਬੈਠ ਗਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿੱਖ ਸਟੂਡੈਂਟਸ ਫੈਡਰੇਸ਼ਨ ਮਹਿਤਾ ਦੇ ਆਗੂਆਂ ਭਾਈ ਜ਼ਸਪਾਲ ਸਿੰਘ, ਸੁਖਦੇਵ ਸਿੰਘ ਲਾਡਾ, ਉਡੀਕ ਸਿੰਘ ਕੁੰਡੇ, ਗਗਨਦੀਪ ਸਿੰਘ ਚਾਵਲਾ, ਜਰਨੈਲ ਸਿੰਘ ਗਾਬੜੀਆ, ਮਨਜੀਤ ਸਿੰਘ ਔਲਖ, ਡਾ: ਗੁਰਮੀਤ ਸਿੰਘ, ਜ਼ਸਬੀਰ ਸਿੰਘ ਤੇਗਾ ਸਿੰਘ ਵਾਲਾ ਤੇ ਸਾਥੀਆਂ ਨੇ ਇਸ ਕਾਨੂੰਨ ਦਾ ਸਵਾਗਤ ਕਰਦਿਆਂ ਕਿਹਾ ਕਿ ਇਸ ਬਣਾਏ ਨਵੇਂ ਕਾਨੂੰਨ ਬੇਅਦਬੀ ਦੇ ਕੇਸਾਂ ਦਾ ਲਗਭਗ ਸਫਾਇਆ ਹੋ ਜਾਵੇਗਾ, ਜੇ ਕੋਈ ਫਿਰ ਵੀ ਗਲਤੀ ਕਰੇਗਾ ਤਾਂ ਉਸ ਨੂੰ ਉਮਰ ਕੈਦ ਦੀ ਸਜਾ ਹੋਣ ਤੇ ਬਾਕੀ ਕੋਈ ਹੋਰ ਹਿੰਮਤ ਨਹੀਂ ਕਰੇਗਾ। ਉਕਤ ਆਗੂਆਂ ਨੇ ਆਪ ਸਰਕਾਰ ਵਿਰੋਧੀ ਆਗੂਆਂ ਨੂੰ ਸਲਾਹ ਦਿੱਤੀ ਕਿ ਉਹ ਵੀ ਇਸ ਕਾਨੂੰਨ ਦਾ ਸਵਾਗਤ ਕਰਨ, ਕਿਉਂਕਿ ਜ਼ੋ ਕੰਮ ਉਨ੍ਹਾਂ ਨੇ ਨਹੀਂ ਕੀਤਾ, ਜੇ ਕਿਸੇ ਨੇ ਹਿੰਮਤ ਕਰਕੇ ਸਮੁੱਚੀ ਕੌਮ ਦਾ ਦਿੱਲ ਜਿੱਤਿਆ ਹੈ ਤਾਂ ਉਨ੍ਹਾਂ ਨੂੰ ਵੀ ਇਸ ਦਾ ਸ਼ਰੀਕ ਬਨਣਾ ਚਾਹੀਦਾ ਹੈ। ਇਸ ਸਮੇਂ ਫੈਡਰੇਸ਼ਨ ਮਹਿਤਾ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਭਾਈ ਜ਼ਸਪਾਲ ਸਿੰਘ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਸਲਾਹ ਦਿੱਤੀ ਕਿ ਉਹ ਜਨਦਾ ਨਾਲ ਵੋਟਾਂ ਸਮੇਂ ਬੁਢਾਪਾ ਪੈਨਸ਼ਨ 2500 ਕਰਨ ਦਾ ਵੀ ਵਾਅਦਾ ਪੂਰਾ ਕਰਨ ਤਾਂ ਜ਼ੋ ਜਨਤਾ ਕੋਲ ਕੋਈ ਬਹਾਲਾ ਨਾ ਬਚ ਸਕੇ। ਉਨ੍ਹਾਂ ਇਹ ਵੀ ਕਿਹਾ ਕਿ ਔਰਤਾਂ ਨੂੰ 1000 ਰੁਪਏ ਦੇਣ ਦੀ ਵਿਧੀ ਵੀ ਸਪੱਸ਼ਟ ਕੀਤੀ ਜਾਵੇ ਤਾਂ ਜ਼ੋ ਇਸ ਵੇਲੇ ਭੰਬਲਭੂਸੇ ਵਾਲੀ ਸਥਿਤੀ ਬਣੀ ਹੋਈ ਹੈ, ਉਹ ਸਪੱਸ਼ਟ ਹੋ ਸਕੇ। ਇਸ ਸਮੇਂ ਉਕਤ ਆਗੂਆਂ ਦੇ ਨਾਲ ਹਰਜਿੰਦਰ ਸਿੰਘ ਬੱਗਾ, ਕੁਲਦੀਪ ਸਿੰਘ ਲੋਕੋ, ਜ਼ਸਬੀਰ ਸਿੰਘ ਜੱਸ, ਕੁਲਦੀਪ ਸਿੰਘ ਨੰਢਾ, ਕਿਰਨਦੀਪ ਸਿੰਘ, ਰਣਜੀਤ ਸਿੰਘ ਬੱਬਲੂ, ਸੁਰਜੀਤ ਸਿੰਘ ਸੰਧੂ, ਮਿਹਰ ਸਿੰਘ, ਗੁਰਮੇਲ ਸਿੰਘ ਭੇਡੀਆ ਹਾਜ਼ਰ ਸਨ।

# ਗੁਰਦੀਪ ਸਿੰਘ ਨਾਗੀ ਸਰਬਸੰਮਤੀ ਨਾਲ 14ਵੀਂ ਵਾਰ ਬਣੇ ਮਾਝਾ ਪ੍ਰੈਸ ਕਲੱਬ, ਅੰਮ੍ਰਿਤਸਰ ਦੇ ਪ੍ਰਧਾਨ



ਜੰਡਿਆਲਾ ਗੁਰੂ, 22 ਅਪ੍ਰੈਲ (ਕੁਲਵੰਤ ਸਿੰਘ ਵਿਰਦੀ )-ਮਾਝਾ ਪ੍ਰੈਸ ਕਲੱਬ, ਅੰਮ੍ਰਿਤਸਰ (ਰਜਿ:) ਦੀ ਅਹਿਮ ਮੀਟਿੰਗ ਕਲੱਬ ਦੇ ਪ੍ਰਧਾਨ ਗੁਰਦੀਪ ਸਿੰਘ ਨਾਗੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਕਲੱਬ ਦੀ ਇਸ ਵਰ੍ਹੇ ਦੀ ਚੋਣ ਸਮੇਤ ਸਾਲ ਭਰ ਦੀਆਂ ਗਤੀਵਿਧੀਆਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਮੀਟਿੰਗ ਵਿੱਚ ਮੌਜੂਦ ਵੱਖ-ਵੱਖ ਅਦਾਰਿਆਂ ਨਾਲ ਜੁੜੇ ਸਮੂਹ ਪੱਤਰਕਾਰ ਸਾਥੀਆਂ ਵੱਲੋਂ ਪਿਛਲੇ ਢਾਈ ਦਹਾਕਿਆਂ ਤੋਂ ਪਤਰਕਾਰੀ ਦੇ ਖੇਤਰ ਵਿਚ ਸੇਵਾਵਾਂ ਨਿਭਾਉਣ ਦੇ ਨਾਲ ਲੰਬੇ ਸਮੇਂ ਤੋਂ ਮਾਝਾ ਪ੍ਰੈਸ ਕਲੱਬ, ਅੰਮ੍ਰਿਤਸਰ ਦੀ ਪ੍ਰਧਾਨਗੀ ਕਰ ਰਹੇ ਗੁਰਦੀਪ ਸਿੰਘ ਨਾਗੀ ਨੂੰ 14ਵੀਂ ਵਾਰ ਸਰਬਸੰਮਤੀ ਨਾਲ ਕਲੱਬ ਦਾ ਪ੍ਰਧਾਨ ਚੁਣ ਲਿਆ ਗਿਆ। ਇਸ ਤੋਂ ਇਲਾਵਾ ਜਸਵੰਤ ਸਿੰਘ ਮਾਂਗਟ ਨੂੰ ਜਨਰਲ ਸਕੱਤਰ, ਅੰਮ੍ਰਿਤਪਾਲ ਸਿੰਘ ਨੂੰ ਸਰਪ੍ਰਸਤ, ਗੁਰਪਾਲ ਸਿੰਘ ਰਾਏ ਨੂੰ ਸਕੱਤਰ, ਹਰੀਸ਼ ਕੱਕੜ ਤੇ ਸਿਮਰਤਪਾਲ ਸਿੰਘ ਬੇਦੀ ਨੂੰ ਮੀਤ ਪ੍ਰਧਾਨ, ਸਵਿੰਦਰ ਸਿੰਘ ਲਹੌਰੀਆ ਤੇ ਸੁਖਦੇਵ ਸਿੰਘ ਬੱਬੂ ਨੂੰ ਖਜਾਨਚੀ, ਕੁਲਦੀਪ ਸਿੰਘ ਭੁੱਲਰ ਨੂੰ ਸੀਨੀਅਰ ਮੀਤ ਪ੍ਰਧਾਨ, ਸ਼ੁਕਰਗੁਜ਼ਾਰ ਸਿੰਘ ਐਡਵੋਕੇਟ ਨੂੰ ਕਾਨੂੰਨੀ ਸਲਾਹਕਾਰ, ਪਰਵਿੰਦਰ ਸਿੰਘ ਮਲਕ ਤੇ ਪ੍ਰਗਟ ਸਿੰਘ ਨੂੰ ਪ੍ਰਚਾਰ ਸਕੱਤਰ, ਸੁਖਚੈਨ ਸਿੰਘ ਤੇ ਸਤਿੰਦਰ ਸਿੰਘ ਅਠਵਾਲ ਨੂੰ ਪ੍ਰੈਸ ਸਕੱਤਰ, ਸਤਪਾਲ ਵਿਨਾਇਕ ਤੇ ਕੁਲਦੀਪ ਸਿੰਘ ਖਹਿਰਾ ਨੂੰ ਮੁੱਖ ਸਲਾਹਕਾਰ ਨਿਯਕੁਤ ਕੀਤਾ ਗਿਆ। ਇਸ ਮੌਕੇ ਡਾਕਟਰ ਗੁਰਮੀਤ ਸਿੰਘ ਨੰਡਾ ਤੇ ਗੁਰਵਿੰਦਰ ਸਿੰਘ ਹੈਪੀ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ।ਇਸ ਦੌਰਾਨ ਪ੍ਰਧਾਨ ਗੁਰਦੀਪ ਸਿੰਘ ਨਾਗੀ ਨੇ ਸਮੂਹ ਸਾਥੀਆਂ ਦਾ ਤਹਿਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਮਾਝਾ ਪ੍ਰੈਸ ਕਲੱਬ, ਅੰਮ੍ਰਿਤਸਰ ਅਤੇ ਪੱਤਰਕਾਰ ਭਾਈਚਾਰੇ ਦੇ ਭਲੇ ਹਿੱਤ ਹਮੇਸ਼ਾਂ ਤੱਤਪਰ ਰਹਿਣਗੇ।ਪ੍ਰਧਾਨ ਗੁਰਦੀਪ ਸਿੰਘ ਨਾਗੀ ਨੇ ਕਲੱਬ ਦੇ ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਲੱਬ ਦੀਆਂ ਪਿਛਲੇ ਵਰ੍ਹੇ ਦੀਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ ਅਤੇ ਭਵਿੱਖ ਵਿਚ ਵੀ ਸਮੂਹ ਸਾਥੀਆਂ ਦੇ ਉੱਦਮ ਤੇ ਸਹਿਯੋਗ ਨਾਲ ਸਮਾਜ ਭਲਾਈ ਦੇ ਕਾਰਜ ਜਾਰੀ ਰੱਖਣ ਦਾ ਭਰੋਸਾ ਦੁਆਇਆ। ਇਸ ਮੌਕੇ ਕਲੱਬ ਸਰਪ੍ਰਸਤ ਅੰਮ੍ਰਿਤਪਾਲ ਸਿੰਘ ਅਤੇ ਜਨਰਲ ਸਕੱਤਰ ਜਸਵੰਤ ਸਿੰਘ ਮਾਂਗਟ ਨੇ ਗੁਰਦੀਪ ਸਿੰਘ ਨਾਗੀ ਨੂੰ ਸਨਮਾਨਿਤ ਕੀਤਾ।

## ਸੇਂਟ ਸੋਲਜਰ ਸਕੂਲ ਵਿਖੇ ਧਰਤੀ ਦੀ ਸੰਭਾਲ ਤੇ ਵਾਤਾਵਰਨ ਨੂੰ ਬਚਾਉਣ ਸਬੰਧੀ ਬੜੇ

# ਉਤਸਾਹ ਨਾਲ ਜਾਗਰੂਕਤਾ ਦਿਵਸ ਮਨਾਇਆ ਗਿਆ




ਜੰਡਿਆਲਾ ਗੁਰੂ 23 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ ) ਸੇਂਟ ਸੋਲਜਰ ਇਲੀਟ ਕਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਵਿਦਿਆਰਥੀਆਂ ਨੇ ਧਰਤੀ ਦੀ ਸੰਭਾਲ ਸਬੰਧੀ ਅਤੇ ਵਾਤਾਵਰਨ ਨੂੰ ਬਚਾਉਣ ਸਬੰਧੀ ਧਰਤੀ ਦਿਵਸ ਉਤਸਾਹ ਅਤੇ ਜਾਗਰੂਕਤਾ ਨਾਲ ਮਨਾਇਆ ।ਇਸ ਸਬੰਧ ਵਿੱਚ ਧਰਤੀ ਦਿਵਸ ਨੂੰ ਸੰਬੰਧਿਤ ਵਿਸ਼ੇਸ਼ ਅਸੈਂਬਲੀ ਦਾ ਪ੍ਰੋਗਰਾਮ ਰੱਖਿਆ ਗਿਆ ।ਜਿਸ ਵਿੱਚ ਬੱਚਿਆਂ ਨੇ ਧਰਤੀ ਨੂੰ ਬਚਾਉਣ ਲਈ ਰੁੱਖ ਲਗਾਉਣ ,ਰੀਸਾਈਕਲ ਕੀਤੀ ਕਲਾ ਬਣਾਉਣ ਅਤੇ ਵਾਤਾਵਰਣ ਦੀ ਸੰਭਾਲ ਪ੍ਰਤੀ ਜਾਗਰੂਕਤਾ ਦੀਆਂ ਗਤੀਵਿਧੀਆਂ ਦੇ ਸਲੋਗਨ ਤਿਆਰ ਕੀਤੇ ਅਤੇ ਆਪਣੇ ਭਾਸ਼ਣਾ ਰਾਹੀਂ ਧਰਤੀ ਦੀ ਸੰਭਾਲ ਪ੍ਰਤੀ ਜਾਗਰੂਕ ਕੀਤਾ। ਉਪਰੰਤ ਸਕੂਲ ਦੇ ਕਿੰਡਰ ਗਾਰਟਨ ਸੈਕਸ਼ਨ ਦੇ ਛੋਟੇ ਛੋਟੇ ਬੱਚਿਆਂ ਨੇ ਹਰੇ ਨੀਲੇ ਰੰਗ ਦੇ ਕੱਪੜੇ ਪਾ ਕੇ ਧਰਤੀ ਨੂੰ ਹਰਿਆ ਭਰਿਆ ਬਣਾਉਣ ਦਾ ਸੰਦੇਸ਼ ਲੈ ਕੇ ਵਿਸ਼ੇਸ਼ ਮਾਰਚ ਪਾਸ ਕੀਤਾ ਅਤੇ ਸਾਰੇ ਵਿਦਿਆਰਥੀਆਂ ਅਤੇ ਸਟਾਫ ਨੇ ਧਰਤੀ ਨੂੰ ਬਚਾਉਣ ਅਤੇ ਇੱਕ ਹਰੇ ਸਿਹਤਮੰਦ ਭਵਿੱਖ ਵੱਲ ਸਾਰਥਕ ਕਦਮ ਚੁੱਕਣ ਦਾ ਪ੍ਰਣ ਲਿਆ। ਉਪਰੰਤ ਸਕੂਲ ਦੇ ਆਡੋਟੋਰੀਅਮ ਵਿੱਚ ਸੱਤਵੀਂ ਕਲਾਸ ਦੇ ਬੱਚਿਆਂ ਦਾ ਵਾਤਾਵਰਨ ਸੰਭਾਲ ਪ੍ਰਤੀ ਇੱਕ ਪੀਪੀਟੀ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਵਾਤਾਵਰਨ ਵਿਸ਼ਿਆਂ ਤੇ ਆਪਣੀ ਪੇਸ਼ਕਾਰੀ ਦੇ ਕੇ ਆਪਣੀ ਰਚਨਾਤਮਕਤਾ ਅਤੇ ਗਿਆਨ ਦਾ ਪ੍ਰਦਰਸ਼ਨ ਕੀਤਾ ਇਹਨਾਂ ਮੁਕਾਬਲਿਆਂ ਵਿੱਚ ਸੱਤਵੀਂ ਬੀ ਕਲਾਸ ਨੇ ਪਹਿਲਾ ਸਥਾਨ ਹਾਸਿਲ ਕੀਤਾ।।ਇਸ ਮੌਕੇ ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ,ਮੰਗਲ ਸਿੰਘ ਕਿਸ਼ਨਪੁਰੀ ਜੀ ਨੇ ਧਰਤੀ ਦਿਵਸ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ ।ਇਸ ਮੌਕੇ ਤੇ ਡਾਇਰੈਕਟਰ ਪ੍ਰਿੰਸੀਪਲ ਡਾ,ਅਮਰਪ੍ਰੀਤ ਕੌਰ ਜੀ ਨੇ ਕਿਹਾ ਕਿ ਆਓ ਆਪਾਂ ਸਾਰੇ ਇਕੱਠੇ ਹੋ ਕੇ ਧਰਤੀ ਨੂੰ ਨੌ ਹਰਿਆ ਭਰਿਆ ਬਣਾਉਣ ਵਿੱਚ ਆਪਣਾ ਯੋਗਦਾਨ ਪਾਈਏ ਦੀ ਰੱਖਿਆ ਅਤੇ ਧਰਤੀ ਨੂੰ ਆਉਣ ਵਾਲੀਆਂ ਪੀੜੀਆਂ ਲਈ ਇੱਕ ਬਿਹਤਰ ਜਗ੍ਹਾ ਬਣਾਈਏ। ਇਸ ਮੌਕੇ ਤੇ ਸਕੂਲ ਦੇ ਪ੍ਰਿੰਸੀਪਲ ਸ੍ਰੀ ਸੰਦੀਪ ਸ਼ਰਮਾ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੁਆਡੀਨੇਟਰ,ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸਰਕਲ ਤਰਨ ਤਾਰਨ ਨੇ

# ਮਨਜੀਤ ਸਿੰਘ ਗੁਨੋਵਾਲ ਸੀਨੀਅਰ ਮੀਤ ਪ੍ਰਧਾਨ ਦੀ ਅਗਵਾਈ 'ਚ ਕੀਤੀ ਮੀਟਿੰਗ



ਜੰਡਿਆਲਾ ਗੁਰੂ 23 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ ) ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਸਰਕਲ ਤਰਨ ਤਾਰਨ ਦੀ ਮਹੀਨਾਵਾਰ ਮੀਟਿੰਗ ਮਨਜੀਤ ਸਿੰਘ ਗੁਨੋਵਾਲ਼ ਸੀਨੀਅਰ ਮੀਤ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸਰਕਲ ਆਗੂਆਂ,ਵੱਖ ਵੱਖ ਡਵੀਜਨਾਂ ਦੇ ਆਗੂ ਸਾਥੀਆਂ ਨੇ ਸ਼ਮੂਲੀਅਤ ਕੀਤੀ ।ਸਾਥੀ ਕੁਲਵਿੰਦਰ ਸਿੰਘ ਬਾਗੜੀਆਂ ਐਸ਼ ਡੀ ਉ ਦੇ ਸੂਬਾ ਮੀਤ ਪ੍ਰਧਾਨ ਚੁਣੇ ਜਾਣ ਤੇ ਸਬ ਅਰਬਨ ਮੰਡਲ ਵੱਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਖੁਸ਼ੀ ਵਿੱਚ ਲੱਡੂ ਵੰਡੇ ਗਏ ।ਮੀਟਿੰਗ ਵਿੱਚ ਆਗੂ ਸਾਥੀਆਂ ਨੇ ਬੋਲਦਿਆਂ ਪਾਵਰਕੌਮ ਦੀ ਮੈਨਿਜ਼ਮੈਂਟ, ਪੰਜਾਬ ਸਰਕਾਰ ਅਤੇ ਕੇਂਦਰ ਦੀ ਸਰਮਾਏਦਾਰ ਪੱਖੀ ਸਰਕਾਰਾਂ ਦੇ ਕਿਰਤੀ, ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਦੇ ਪਾਜ਼ ਉਧੇੜਦਿਆ ਇਨ੍ਹਾਂ ਦੀ ਸੱਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ। ਮੈਨਿਜਮੈਟ ਵੱਲੋਂ ਮੁਲਾਜ਼ਮਾਂ ਅਤੇ ਖਾਸ ਕਰਕੇ ਪੈਨਸ਼ਨਰਜ਼ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। 200 ਰੁਪਏ ਦਾ ਜਜੀਆ ਟੈਕਸ ਕੱਟਣਾ ਬੰਦ ਨਹੀਂ ਕੀਤਾ ਜਾ ਰਿਹਾ ਸਗੋਂ ਮੁਲਾਜਮਾਂ ਦਾ ਕਰੋੜਾਂ ਰੁਪਏ ਦਾ ਲੰਮੇ ਸਮੇਂ ਤੋਂ ਮਹਿੰਗਾਈ ਭੱਤਾ ਜਾਮ ਕੀਤਾ ਹੋਇਆ ਹੈ ।ਬ-ਸ਼ਰਮੀ ਦੀ ਹੱਦ ਤਾਂ ਇਹ ਹੈ ਕਿ ਮਾਨਯੋਗ ਹਾਈਕੋਰਟ ਕੋਰਟ ਦੇ ਸਪੱਸ਼ਟ ਹੁਕਮਾਂ ਦੀ ਵੀ ਅਣਦੇਖੀ ਕੀਤੀ ਜਾ ਰਹੀ ਹੈ। ਜਥੇਬੰਦੀ ਦੇ ਆਗੂਆਂ ਨੂੰ ਵਾਰ ਵਾਰ ਮੀਟਿੰਗਾਂ ਉਪਰ ਸੱਦ ਕੇ ਜ਼ਲੀਲ ਕੀਤਾ ਜਾਂਦਾ ਹੈ। ਪਾਵਰਕੌਮ ਮੈਨਿਜ਼ਮੈਂਟ ਤੋਂ ਮੰਗ ਕੀਤੀ ਗਈ ਕਿ ਮਹਿਕਮੇ ਲਈ ਕਈ ਕਈ ਸਾਲ ਕੰਮ ਕਰਦਿਆਂ ਆਪਣੇ ਦੂਹਰੇ ਹੋਏ ਲੱਕ ਨੂੰ ਲੈ ਕੇ ਦਫ਼ਤਰਾਂ ਵਿੱਚ ਫਿਰਦੇ ਪੈਨਸ਼ਨਰਜ਼ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿੱਤਾ ਜਾ ਰਿਹਾ ਸਗੋਂ ਵੱਖ ਵੱਖ ਤਰੀਕਿਆਂ ਨਾਲ ਉਨ੍ਹਾਂ ਨੂੰ ਦੁਤਿ ਕਾਰਿਆ ਜਾਂਦਾ ਹੈ ਅਤੇ ਭੱਦੀ ਸ਼ਬਦਾਵਲੀ ਵਰਤੀ ਜਾਂਦੀ ਹੈ ਇਸਨੂੰ ਸਖ਼ਤੀ ਨਾਲ ਰੋਕਿਆ ਜਾਵੇ ।ਹਰ ਡਵੀਜ਼ਨ ਵਿੱਚ ਪੈਨਸ਼ਨਰਜ਼ ਸੈਲ ਬਣਾਇਆ ਜਾਵੇ ਜਿੱਥੇ ਪੈਨਸ਼ਨਰਜ਼ ਨੂੰ ਮਾਣ ਸਤਿਕਾਰ ਨਾਲ ਉਨ੍ਹਾਂ ਦੇ ਮਸਲੇ ਹੱਲ ਕੀਤੇ ਜਾਣ। ਬੁਢਾਪਾ ਭੱਤਾ ਪੰਜ ਸਾਲ ਬਾਅਦ 5% ਲਗਾਉਣ ਦੀ ਬਜਾਏ 1% ਹਰ ਸਾਲ ਲਗਾਇਆ ਜਾਵੇ ਤਾਂ ਕੇ ਹਰ ਘੜੀ ਬੁਢਾਪੇ ਵੱਲ ਨੂੰ ਜਾ ਰਹੇ ਕੁੱਝ ਰਾਹਤ ਮਿਲ ਸਕੇ। ਕੈਸ਼ਲੈਸ ਸਕੀਮ ਨੂੰ ਮੁੜ ਸਹੀਬੰਦ ਕਰਕੇ ਚਾਲੂ ਕੀਤਾ ਜਾਵੇ ।ਮੀਟਿੰਗ ਵਿੱਚ ਇੱਕ ਮਈ ਨੂੰ ਮਜ਼ਦੂਰ ਦਿਵਸ ਮੌਕੇ ਸਾਂਝੇ ਮੋਰਚੇ ਵੱਲੋਂ ਰੱਖੇ ਸਰਕਾਰ ਦੇ ਪਿੱਟ ਸਿਆਪੇ ਦੇ ਰੱਖੇ ਪ੍ਰੋਗਰਾਮ ਵਿੱਚ ਭਰਵੀਂ ਸ਼ਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ। ਸਰਕਲ ਸਕੱਤਰ ਨਰਿੰਦਰ ਸਿੰਘ ਬੇਦੀ ਨੇ ਆਏ ਸਾਥੀਆਂ ਦਾ ਧਨਵਾਦ ਕੀਤਾ।

**ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੀਆਂ ਕਿਰਤੀ, ਮੁਲਾਜ਼ਮ ਅਤੇ ਲੋਕ ਵਿਰੋਧੀ ਨੀਤੀਆਂ ਦੀ ਸਖ਼ਤ ਸ਼ਬਦਾਂ ਚ ਕੀਤੀ ਨਿੰਦਾ**

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਸਰਕਾਰ ਵੱਲੋਂ ਬੇਅਦਬੀ ਸੋਧ ਬਿੱਲ ਲਾਗੂ ਹੋਣ ਨਾਲ ਧਾਰਮਿਕ ਸੰਸਥਾਵਾਂ ਵੱਲੋਂ ਸਰਕਾਰ ਦਾ ਧੰਨਵਾਦ ਸਰਕਾਰ ਦਾ ਸਲਾਘਾਯੋਗ ਕਦਮ : ਭਾਈ ਸਾਹਿਬ ਸਿੰਘ ਸੰਧੂ



**ਜੰਡਿਆਲਾ ਗੁਰੂ 23 ਅਪ੍ਰੈਲ (ਕੁਲਵੰਤ ਸਿੰਘ ਵਿਰਦੀ )**-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਾਮਲੇ ਵਿੱਚ ਸਖ਼ਤ ਕਾਰਵਾਈ ਅਤੇ ਕਾਨੂੰਨ ਬਣਾਉਣ ਦੀ ਮੰਗ ਪੰਜਾਬ ਦੇ ਲੋਕਾਂ ਦੀ ਇੱਕ ਲੰਮੇ ਸਮੇਂ ਤੋਂ ਭਾਵੁਕ ਅਤੇ ਅਹਿਮ ਮੰਗ ਰਹੀ ਹੈ ।ਇਸ ਬਿੱਲ (ਆਈ.ਪੀ.ਸੀ. ਵਿੱਚ ਸੋਧ) ਰਾਹੀਂ ਬੇਅਦਬੀ ਦੇ ਦੋਸ਼ੀਆਂ ਨੂੰ ਉਮਰ ਕੈਦ ਵਰਗੀਆਂ ਸਖ਼ਤ ਸਜ਼ਾਵਾਂ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਸੰਵੇਦਨਸ਼ੀਲ ਮੁੱਦੇ 'ਤੇ ਸਰਕਾਰ, ਰਾਜਪਾਲ ਅਤੇ ਸਮੂਹ ਸਿਆਸੀ ਪਾਰਟੀਆਂ ਦਾ ਇਕਜੁੱਟ ਹੋਣਾ ਸਮਾਜਿਕ ਸ਼ਾਂਤੀ ਅਤੇ ਇਨਸਾਫ਼ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਮੰਨਿਆ ਜਾਂਦਾ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ (ਰਜਿ) ਪਿੰਡ ਵਡਾਲੀ ਡੋਗਰਾ ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ ਗਿਆ ਉਹਨਾਂ ਕਿਹਾ ਕਿ ਇਹ ਕਾਨੂੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨੂੰ ਰੋਕਣ ਲਈ ਲਿਆਇਆ ਗਿਆ ਹੈ ਉਹਨਾਂ ਕਿਹਾ ਕਿ ਦੋਸ਼ੀਆਂ ਨੂੰ ਘੱਟੋ ਘੱਟ 10 ਸਾਲ ਦੀ ਸਜ਼ਾ ਜਾਂ ਉਮਰ ਕੈਦ ਦੀ ਸਜ਼ਾ ਦੇ ਨਾਲ ਹੀ 5 ਲੱਖ ਤੋਂ ਲੈ ਕੇ 25 ਲੱਖ ਤੱਕ ਜੁਰਮਾਨਾ ਵੀ ਨਿਰਧਾਰਿਤ ਕੀਤਾ ਗਿਆ ਹੈ ਬਿੱਲ ਦੀਆਂ ਮੁੱਖ ਰੂਪ ਵਿੱਚ ਬੇਅਦਬੀ ਦੀਆਂ ਸਾਰੀਆਂ ਪਰਿਭਾਸ਼ਾਵਾਂ ਨੂੰ ਕਾਨੂੰਨ ਵਿੱਚ ਸਪਸ਼ਟ ਕੀਤਾ ਗਿਆ ਹੈ। ਡੀਐਸਪੀ ਰੈਂਕ ਦੇ ਅਧਿਕਾਰੀ ਹੀ ਮਾਮਲਿਆਂ ਦੀ ਜਾਂਚ ਕਰ ਸਕਣਗੇ ਬੇਅਦਬੀ ਵਿੱਚ ਦੋਸ਼ੀ ਦਾ ਸਾਥ ਦੇਣ ਵਾਲਿਆਂ ਨੂੰ ਵੀ ਬਰਾਬਰ ਦੀ ਸਜ਼ਾ ਦਾ ਪ੍ਰਬੰਧ ਹੈ ਇਸ ਦੇ ਨਾਲ ਹੀ ਮਾਨਸਿਕ ਬਿਮਾਰੀਆਂ ਵਰਗੀਆਂ ਬਚਾ ਦਲੀਲਾਂ ਨੂੰ ਵੀ ਸਖਤੀ ਨਾਲ ਨਜਿੱਠਿਆ ਜਾਵੇਗਾ ਇਸ ਮੌਕੇ ਤੇ ਜਨਰਲ ਸਕੱਤਰ ਜੋਬਨਬੀਰ ਸਿੰਘ ਵਡਾਲੀ,ਸਲਾਹਕਾਰ ਬਿਕਰਮਜੀਤ ਸਿੰਘ ਖਾਲਸਾ ਜੀ ਦੁਬਈ ਵਾਲੇ,ਡਾਕਟਰ ਬਲਦੇਵ ਸਿੰਘ ਸਾਰੰਗੜਾ ਭਾਈ ਇੰਦਰਜੀਤ ਸਿੰਘ ਜੀ ਕਲਕੱਤੇ ਵਾਲੇ,ਭਾਈ ਭੁਪਿੰਦਰ ਸਿੰਘ ਪ੍ਰੀਤ,ਭਾਈ ਵੰਸ਼ਪ੍ਰੀਤ ਸਿੰਘ ਲੁਧਿਆਣੇ ਵਾਲੇ ਆਦਿ ਹਾਜ਼ਰ ਸਨ

## 6 ਮਈ ਤੋਂ ਨਗਰ ਕੌਂਸਲਾਂ, ਨਗਰ ਪੰਚਾਇਤਾਂ ਅਤੇ ਨਗਰ ਨਿਗਮਾਂ ਵਿੱਚ ਅਣਮਿੱਥੇ ਸਮੇਂ ਲਈ ਹੜਤਾਲ



ਹੁਸ਼ਿਆਰਪੁਰ, 23 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਮਿਊਸਪਲ ਮੁਲਾਜਮ ਐਕਸ਼ਨ ਕਮੇਟੀ ਪੰਜਾਬ ਵਲੋਂ ਈਸਰੋ ਭਵਨ ਲੁਧਿਆਣਾ ਵਿਖੇ ਮੀਟਿੰਗ ਕਰਕੇ 11, 12 ਮਾਰਚ 2026 ਨੂੰ 2 ਦਿੱਨ ਸ਼ਹਿਰ ਵਿਚ ਰੈਲੀ ਕਰਕੇ ਪੰਜਾਬ ਸਰਕਾਰ ਦਾ ਪੁਤਲਾ ਫੂਕਣ ਅਤੇ ਰੈਗੂਲਰ 10 ਸਾਲ ਤੋਂ ਬਾਅਦ ਪੱਕੇ ਕਰਨ ਦਾ ਨੋਟੀਫਿਕੇਸ਼ਨ ਦੀਆਂ ਕਾਪੀਆ ਸਾੜੀਆ ਗਈਆਂ ਅਤੇ 6 ਮਈ 2026 ਨੂੰ ਹੜਤਾਲ ਦਾ ਨੋਟਿਸ ਵੀ ਸਰਕਾਰ ਨੂੰ ਦੇ ਦਿੱਤਾ ਗਿਆ ਸੀ, ਪਰੰਤੂ ਸਰਕਾਰ ਵਲੋਂ 2 ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਸਰਕਾਰ ਅਤੇ ਮਾਨਯੋਗ ਡਾਇਰੈਕਟੋਰੇਟ ਦਫਤਰ ਵਲੋਂ ਯੂਨੀਅਨ ਨੂੰ ਕੋਈ ਵੀ ਸੱਦਾ ਪੱਤਰ ਅਤੇ ਨਾ ਹੀ ਮੀਟਿੰਗ ਦਾ ਸਮਾਂ ਦਿੱਤਾ ਗਿਆ। ਇੱਥੇ ਇਹ ਵੀ ਦੱਸਣ ਯੋਗ ਹੋਵੇਗਾ ਕਿ ਮਿਤੀ 17 ਸਤੰਬਰ 2025 ਤੋਂ 30 ਸਤੰਬਰ 2025 ਤੱਕ ਜੋ ਹੜਤਾਲ ਹੋਈ ਸੀ ਉਸ ਵਿਚ ਸਰਕਾਰ ਨੇ ਹੜਤਾਲ ਇਸ ਕਰਕੇ ਉਠਾਈ ਸੀ ਕਿ ਅਸੀਂ ਥੋੜੇ ਸਮੇਂ ਵਿਚ ਆਪ ਦੇ ਸਾਰੇ ਕੰਮ ਨੇਪਰੇ ਚਾੜ ਦਿਆਂਗੇ, ਪਰੰਤੂ ਸਰਕਾਰ ਵਲੋਂ ਵੀ 7 ਮਹੀਨੇ ਬੀਤ ਜਾਣ ਦੇ ਬਾਵਜੂਦ ਕੋਈ ਵੀ ਮੀਟਿੰਗ ਦਾ ਪੱਤਰ ਨਹੀਂ ਦਿੱਤਾ ਗਿਆ। ਇਸ ਕਰਕੇ ਸਾਰੇ ਪੰਜਾਬ ਦੇ ਲੋਕਲ ਬਾਡੀ ਕਰਮਚਾਰੀ ਬਹੁਤ ਗੁੱਸੇ ਵਿਚ ਹਨ, ਜਿਸ ਕਰਕੇ 6 ਮਈ 2026 ਦੀ ਹੜਤਾਲ ਦਾ ਪੋਸਟਰ ਅੱਜ ਰਲੀਜ ਕਰ ਰਹੇ ਹਾਂ, ਜਿਸ ਵਿਚ ਮੁਲਾਜਮਾਂ ਦੀਆਂ ਸਾਰੀਆਂ ਮੰਗਾਂ ਸ਼ਾਮਿਲ ਹਨ। ਇਹ ਹੜਤਾਲ ਅਣਮਿੱਥੇ ਸਮੇਂ ਲਈ ਹੋਵੇਗੀ। ਇਸ ਮੀਟਿੰਗ ਵਿਚ ਨਗਰ ਨਿਗਮ ਹੁਸ਼ਿਆਰਪੁਰ ਵਲੋਂ ਕੁਲਵੰਤ ਸਿੰਘ ਸੈਣੀ ਦੀ ਸ੍ਰਪਸਤੀ ਹੇਠ ਇੱਕ ਪੋਸਟਰ ਜਾਰੀ ਕੀਤਾ ਗਿਆ, ਇਸ ਮੌਕੇ ਲਾਰੇਂਸ ਚੌਧਰੀ, ਕਰਨਜੋਤ ਆਦੀਆ ਪ੍ਰਧਾਨ, ਦਲੀਪ ਕੁਮਾਰ, ਸੋਮਨਾਥ ਆਦੀਆਂ ਵਾਈਸ ਪ੍ਰਧਾਨ, ਵਿਕਰਮਜੀਤ ਬੰਟੀ ਉਪ ਪ੍ਰਧਾਨ, ਜੋਗਿੰਦਰ ਆਦੀਆ ਮੁੱਖ ਸਲਾਹਕਾਰ, ਜੈ ਗੋਪਾਲ, ਬਲਰਾਮ, ਹਰਬਿਲਾਸ, ਪਰਦੀਪ, ਹੀਰਾ ਲਾਲ, ਪਵਨ, ਆਸ਼ੂ, ਕੈਲਾਸ਼ ਅਤੇ ਸੁਭਾਸ਼, ਅਰੁਣ ਸੰਧੂ, ਦਲੀਪ ਕੁਮਾਰ, ਦੀਪੂ, ਜੈ ਗੋਪਾਲ ਆਦਿ ਸ਼ਾਮਿਲ ਸਨ।

# ਸੱਚੀ ਗਾਥਾ




ਗੁਰਦੁਆਰਾ ਦਾਦੂ ਸਾਹਿਬ ਵਿਖੇ ਮੱਥਾ ਟੇਕਣ ਆਏ ਕੈਨੇਡਾ ਨਿਵਾਸੀ ਜੱਗੀ ਸਿੱਧੂ ਦੀ ਜ਼ਿੰਦਗੀ ਦੀ ਕਹਾਣੀ ਬਹੁਤ ਹੀ ਦਿਲਚਸਪ ਹੈ। ਜੱਗੀ ਸਿੱਧੂ ਵਾਰ-ਵਾਰ ਜਥੇਦਾਰ ਦਾਦੂਵਾਲ ਜੀ ਦਾ ਧੰਨਵਾਦ ਕਰਦਾ ਨਹੀਂ ਥੱਕਦਾ। ਇਹ ਘਟਨਾ ਲਗਭਗ ਸੰਨ 2002 ਦੇ ਆਸ-ਪਾਸ ਦੀ ਹੈ, ਜਦੋਂ ਰਾਜਸਥਾਨ ਦੇ ਸ਼ਹਿਰ ਜੈਪੁਰ ਵਿੱਚ ਟਰਾਂਸਪੋਰਟ ਦਾ ਕਾਰੋਬਾਰ ਕਰਨ ਵਾਲੇ ਗੁਰੂ ਘਰ ਦੇ ਸ਼ਰਧਾਲੂ ਸਿੱਖ ਸਰਦਾਰ ਭਾਨ ਸਿੰਘ (ਦਿੱਲੀ ਮਕਰਾਨਾ ਟਰਾਂਸਪੋਰਟ) ਦੇ ਪੁੱਤਰ ਜੱਗੀ ਸਿੱਧੂ ਨੂੰ ਵਿਰੋਧੀਆਂ ਨੇ ਇਕ ਵੱਡੀ ਸਾਜ਼ਿਸ਼ ਤਹਿਤ ਡਕੈਤੀ, ਕਤਲ ਅਤੇ 1™-47 ਵਰਗੇ ਝੂਠੇ ਮਾਮਲਿਆਂ ਵਿੱਚ ਫਸਾ ਕੇ ਜੈਪੁਰ ਦੀ ਸਾਂਗਾਨੇਰ ਜੇਲ੍ਹ ਵਿੱਚ ਬੰਦ ਕਰਵਾ ਦਿੱਤਾ ਸੀ। ਜਦੋਂ ਇਹ ਘਟਨਾ ਵਾਪਰੀ ਤਾਂ ਸਾਰੇ ਜੈਪੁਰ ਦੇ ਸਿੱਖ ਸਮਾਜ ਵਿੱਚ ਹਾਹਾਕਾਰ ਮਚ ਗਿਆ। ਸਰਦਾਰ ਭਾਨ ਸਿੰਘ ਅਤੇ ਉਨ੍ਹਾਂ ਦੀ ਧਰਮਪਤਨੀ ਹੈਰਾਨ ਰਹਿ ਗਏ ਕਿ ਇਹ ਉਨ੍ਹਾਂ ਨਾਲ ਕੀ ਹੋ ਗਿਆ। ਦੋਵਾਂ ਨੇ ਭੁੱਖ ਹੜਤਾਲ ਕਰਕੇ ਮਰਨ ਦਾ ਐਲਾਨ ਕਰ ਦਿੱਤਾ ਕਿ ਉਨ੍ਹਾਂ ਦਾ ਪੁੱਤਰ ਬੇਗੁਨਾਹ ਹੈ ਅਤੇ ਹਮੇਸ਼ਾ ਉਨ੍ਹਾਂ ਦੇ ਨਾਲ ਰਹਿੰਦਾ ਸੀ, ਉਹ ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਕਿਵੇਂ ਸ਼ਾਮਲ ਹੋ ਸਕਦਾ ਹੈ। ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਜੈਪੁਰ ਵਿੱਚ ਆਪਣੇ ਜਥੇ ਸਮੇਤ ਪਹੁੰਚ ਕੇ ਹਫ਼ਤਾ ਭਰ ਕਥਾ-ਕੀਰਤਨ ਦੇ ਦੀਵਾਨ ਸਜਾਉਂਦੇ ਸਨ, ਜਿੱਥੇ ਹਜ਼ਾਰਾਂ ਸਿੱਖ ਸੰਗਤਾਂ ਸ਼ਾਮਲ ਹੁੰਦੀਆਂ ਸਨ। ਸਰਦਾਰ ਭਾਨ ਸਿੰਘ ਅਤੇ ਉਨ੍ਹਾਂ ਦਾ ਪਰਿਵਾਰ ਵੀ ਉਨ੍ਹਾਂ ਦੇ ਵੱਡੇ ਸ਼ਰਧਾਲੂ ਸਨ। ਫਿਰ ਜੈਪੁਰ ਵਿੱਚ ਰਹਿੰਦੇ ਸਿੱਖ ਪਰਿਵਾਰਾਂ ਦੇ ਆਗੂਆਂ ਨੇ ਸਰਦਾਰ ਜਸਵੰਤ ਸਿੰਘ (ਮੰਡਾਵਰ, ਮਹੂਆ ਟਰਾਂਸਪੋਰਟ) ਦੀ ਅਗਵਾਈ ਵਿੱਚ ਇਕ ਪ੍ਰਤੀਨਿਧਿਮੰਡਲ ਬਣਾਕੇ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ, ਸਿਰਸਾ ਪਹੁੰਚ ਕੇ ਜਥੇਦਾਰ ਦਾਦੂਵਾਲ ਜੀ ਨਾਲ ਮੁਲਾਕਾਤ ਕੀਤੀ ਅਤੇ ਪੂਰੀ ਘਟਨਾ ਦੱਸੀ। ਉਨ੍ਹਾਂ ਨੇ ਬੇਨਤੀ ਕੀਤੀ ਕਿ ਜੇਕਰ ਬੇਗੁਨਾਹ ਨੌਜਵਾਨ ਨੂੰ ਰਿਹਾਅ ਨਾ ਕਰਵਾਇਆ ਗਿਆ ਤਾਂ ਉਹ ਲੰਮੇ ਸਮੇਂ ਲਈ ਜੇਲ੍ਹ ਵਿੱਚ ਸੜਦਾ ਰਹੇਗਾ ਅਤੇ ਉਸਦੇ ਮਾਤਾ-ਪਿਤਾ ਭੁੱਖ ਹੜਤਾਲ ਕਰਕੇ ਆਪਣੀ ਜਾਨ ਦੇ ਦੇਣਗੇ। ਇਸ ’ਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੇ ਤੁਰੰਤ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਕੀਤੀ ਅਤੇ ਬੇਗੁਨਾਹ ਨੌਜਵਾਨ ਅਤੇ ਉਸਦੇ ਪਰਿਵਾਰ ਨੂੰ ਬਚਾਉਣ ਲਈ ਕਦਮ ਚੁੱਕੇ। ਉਨ੍ਹਾਂ ਨੇ ਦੇਸ਼ ਦੇ ਪੂਰਵ ਗ੍ਰਹਿ ਮੰਤਰੀ ਅਤੇ ਉਸ ਸਮੇਂ ਰਾਜਸਥਾਨ ਦੇ ਜਾਲੌਰ ਤੋਂ ਸੰਸਦ ਮੈਂਬਰ ਸਰਦਾਰ ਬੂਟਾ ਸਿੰਘ ਨਾਲ ਸੰਪਰਕ ਕੀਤਾ ਅਤੇ ਤੁਰੰਤ ਦਿੱਲੀ ਪਹੁੰਚ ਗਏ। ਇਸ ਤੋਂ ਬਾਅਦ ਦੋਵੇਂ ਦਿੱਲੀ ਤੋਂ ਸੜਕ ਰਾਹੀਂ ਜੈਪੁਰ ਪਹੁੰਚੇ। ਉਨ੍ਹਾਂ ਦੇ ਨਾਲ ਸਰਦਾਰ ਬੂਟਾ ਸਿੰਘ ਦੇ ਪੁੱਤਰ ਸਰਬਜੋਤ ਸਿੰਘ ਅਤੇ ਉਨ੍ਹਾਂ ਦੇ ਕਰੀਬੀ ਸਹਿਯੋਗੀ ਸੁਖਜੀਤ ਸਿੰਘ ਨੀਨਾ ਚਹਿਲ ਵੀ ਸਨ। ਜੈਪੁਰ ਪਹੁੰਚਣ ’ਤੇ ਸਿੱਖ ਸੰਗਤਾਂ ਨੇ ਸੈਂਕੜਿਆਂ ਗੱਡੀਆਂ ਦੇ ਕਾਫਲੇ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਪ੍ਰਸਿੱਧ ਨੀਲਮ ਹੋਟਲ ਵਿੱਚ ਠਹਿਰਾਇਆ ਗਿਆ। ਇਸ ਤੋਂ ਬਾਅਦ ਉਹ ਰਾਜਸਥਾਨ ਦੇ ਡੀਜੀਪੀ ਨਾਲ ਮਿਲਣ ਗਏ। ਉੱਥੇ ਪੂਰੀ ਘਟਨਾ ਦੱਸੀ ਗਈ। ਡੀਜੀਪੀ ਨੇ ਧਿਆਨ ਨਾਲ ਸੁਣਨ ਤੋਂ ਬਾਅਦ ਭਰੋਸਾ ਦਿੱਤਾ ਕਿ ਇਕ-ਦੋ ਮਹੀਨਿਆਂ ਵਿੱਚ ਨੌਜਵਾਨ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਇਸ ’ਤੇ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕਿ ਇਕ ਦਿਨ ਵੀ ਬੇਗੁਨਾਹ ਨੂੰ ਜੇਲ੍ਹ ਵਿੱਚ ਰੱਖਣਾ ਅਨਿਆਇ ਹੈ। ਜਾਂਚ ਦੇ ਹੁਕਮ ਦਿੱਤੇ ਗਏ ਅਤੇ ਕੁਝ ਸਮੇਂ ਬਾਅਦ ਇਹ ਸਾਬਤ ਹੋ ਗਿਆ ਕਿ ਜੱਗੀ ਸਿੱਧੂ ਬੇਗੁਨਾਹ ਹੈ। ਉਸਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।ਇਸ ਤੋਂ ਬਾਅਦ ਜੈਪੁਰ ਦੇ ਸਿੱਖ ਆਗੂਆਂ ਨੇ ਪਰਿਵਾਰ ਸਮੇਤ ਗੁਰਦੁਆਰਾ ਦਾਦੂ ਸਾਹਿਬ, ਸਿਰਸਾ ਪਹੁੰਚ ਕੇ ਜਥੇਦਾਰ ਦਾਦੂਵਾਲ ਜੀ ਦਾ ਧੰਨਵਾਦ ਕੀਤਾ। ਕੁਝ ਸਮੇਂ ਬਾਅਦ ਜੱਗੀ ਸਿੱਧੂ ਕੈਨੇਡਾ ਚਲਾ ਗਿਆ, ਜਿੱਥੇ ਉਸਦਾ ਵਿਆਹ ਬੀਬੀ ਸਤਨਾਮ ਕੌਰ ਨਾਲ ਹੋਇਆ। ਅੱਜ ਉਸਦੀ ਧੀ ਅਮ੍ਰਿਤਾ ਕੌਰ ਯੂਨੀਵਰਸਿਟੀ ਵਿੱਚ ਪੜ੍ਹ ਰਹੀ ਹੈ ਅਤੇ ਪੁੱਤਰ ਅਮ੍ਰਿਤਪਾਲ ਸਿੰਘ ਕਾਲਜ ਵਿੱਚ ਪੜ੍ਹਦਾ ਹੈ। ਪੂਰਾ ਪਰਿਵਾਰ ਖੁਸ਼ਹਾਲ ਜੀਵਨ ਬਤੀਤ ਕਰ ਰਿਹਾ ਹੈ। ਹਾਲ ਹੀ ਵਿੱਚ ਜੱਗੀ ਸਿੱਧੂ ਕੈਨੇਡਾ ਤੋਂ ਆ ਕੇ ਜਥੇਦਾਰ ਦਾਦੂਵਾਲ ਜੀ ਨਾਲ ਮਿਲਿਆ ਅਤੇ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ। ਉਸਨੇ ਕਿਹਾ ਕਿ ਉਸਦੀ ਜ਼ਿੰਦਗੀ ਜਥੇਦਾਰ ਸਾਹਿਬ ਦੀ ਨਿਸ਼ਕਾਮ ਸਹਾਇਤਾ ਨਾਲ ਬਚੀ ਹੈ। ਇਸ ਤਰ੍ਹਾਂ ਇੱਕ ਬੇਗੁਨਾਹ ਸਿੱਖ ਨੌਜਵਾਨ ਅਤੇ ਉਸਦੇ ਪਰਿਵਾਰ ਦੀ ਜ਼ਿੰਦਗੀ ਅਕਾਲ ਪੁਰਖ ਵਾਹਿਗੁਰੂ ਦੀ ਕਿਰਪਾ ਨਾਲ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਅਤੇ ਸਰਦਾਰ ਬੂਟਾ ਸਿੰਘ (ਪੂਰਵ ਗ੍ਰਹਿ ਮੰਤਰੀ, ਭਾਰਤ) ਦੇ ਸਹਿਯੋਗ ਨਾਲ ਬਚਾਈ ਗਈ—ਜੋ ਮਨੁੱਖਤਾ ਦੀ ਸੇਵਾ ਦੀ ਇੱਕ ਜੀਵੰਤ ਮਿਸਾਲ ਹੈ।

**ਲੇਖਕ - ਭਾਈ ਜਗਮੀਤ ਸਿੰਘ ਬਰੜ, 9356060960**

## ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ ) : ਅਕਾਲੀ ਐਲਾਨਨਾਮਾ


# ਪੰਥ, ਪੰਜਾਬ ਅਤੇ ਪੰਜਾਬੀਅਤ ਦੀ ਚੜ੍ਹਦੀ ਕਲਾ ਲਈ ਸਾਡਾ ਸੰਕਲਪ

**ਅੱਜ ਦਾ ਸਮਾਂ ਪੰਜਾਬ ਅਤੇ ਪੰਥ ਲਈ ਇੱਕ ਨਿਰਣਾਇਕ ਮੋੜ ਹੈ। ਸ਼੍ਰੋਮਣੀ ਅਕਾਲੀ ਦਲ (ਪੁਨਰਸੰਜੀਤ) ਪੰਜਾਬ ਦੇ ਮੂਲ ਸਰੋਕਾਰਾਂ, ਖੇਤੀਬਾੜੀ ਦੀ ਸੁਰੱਖਿਆ, ਨੌਜਵਾਨਾਂ ਦੇ ਰੁਜ਼ਗਾਰ ਅਤੇ ਪੰਥਕ ਕਦਰਾਂ-ਕੀਮਤਾਂ ਦੀ ਬਹਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।**










**ਮੁਕੰਮਲ ਐਲਾਨਨਾਮਾ ਅਗਲੇ ਪੰਨਿਆਂ 'ਤੇ ਪੜ੍ਹੋ**

ਅੱਜ ਦਾ ਸਮਾਂ ਪੰਜਾਬ ਅਤੇ ਪੰਥ ਲਈ ਇੱਕ ਨਿਰਣਾਇਕ ਮੋੜ ਹੈ। ਸ਼੍ਰੋਮਣੀ ਅਕਾਲੀ ਦਲ (ਪੁਨਰਸੰਜੀਤ) ਪੰਜਾਬ ਦੇ ਮੂਲ ਸਰੋਕਾਰਾਂ, ਖੇਤੀਬਾੜੀ ਦੀ ਸੁਰੱਖਿਆ, ਨੌਜਵਾਨਾਂ ਦੇ ਰੁਜ਼ਗਾਰ ਅਤੇ ਪੰਥਕ ਕਦਰਾਂ-ਕੀਮਤਾਂ ਦੀ ਬਹਾਲੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

### *ਸਾਡੇ ਮੁੱਖ ਪ੍ਰੋਗਰਾਮ:*

* *ਖੇਤੀਬਾੜੀ ਅਤੇ ਕਿਸਾਨੀ ਨੀਤੀ:* ਅਸੀਂ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ 'ਕਿਸਾਨੀ' ਨੂੰ ਮਜ਼ਬੂਤ ਕਰਨ ਲਈ ਨਵੀਂ ਖੇਤੀ ਨੀਤੀ ਲਿਆਵਾਂਗੇ, ਜਿਸ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਅਤੇ ਮੰਡੀਕਰਨ ਦੇ ਢਾਂਚੇ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ।

* *ਨੌਜਵਾਨ ਅਤੇ ਹੁਨਰ ਵਿਕਾਸ:* ਰਵਾਇਤੀ ਡਿਗਰੀਆਂ ਦੇ ਨਾਲ-ਨਾਲ ਹੁਨਰ-ਅਧਾਰਿਤ ਸਿੱਖਿਆ ਨੂੰ ਲਾਜ਼ਮੀ ਬਣਾਇਆ ਜਾਵੇਗਾ ਤਾਂ ਜੋ ਪੰਜਾਬ ਦੇ ਨੌਜਵਾਨਾਂ ਨੂੰ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਰੁਜ਼ਗਾਰ ਦੇ ਬਿਹਤਰ ਮੌਕੇ ਮਿਲ ਸਕਣ।

* *ਸਿੱਖਿਆ ਵਿੱਚ ਸੁਧਾਰ:* ਨਿੱਜੀ ਵਿਦਿਅਕ ਅਦਾਰਿਆਂ ਵਿੱਚ ਨਾਜਾਇਜ਼ ਤੌਰ 'ਤੇ ਵਸੂਲੇ ਜਾਂਦੇ ਸਾਲਾਨਾ 'ਰੀ-ਐਡਮਿਸ਼ਨ' ਫੀਸਾਂ ਦੇ ਬੋਝ ਨੂੰ ਤੁਰੰਤ ਖਤਮ ਕੀਤਾ ਜਾਵੇਗਾ, ਤਾਂ ਜੋ ਸਿੱਖਿਆ ਹਰ ਆਮ ਨਾਗਰਿਕ ਦੀ ਪਹੁੰਚ ਵਿੱਚ ਰਹੇ।

* *ਸਮਾਜਿਕ ਸੁਰੱਖਿਆ ਅਤੇ ਵਿਕਾਸ:* ਪੰਜਾਬ ਦੇ ਪਿੰਡਾਂ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਬਜ਼ੁਰਗਾਂ/ਮਹਿਲਾਵਾਂ ਲਈ ਭਲਾਈ ਸਕੀਮਾਂ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਨਾ ਸਾਡੀ ਪ੍ਰਾਥਮਿਕਤਾ ਹੈ।

* *ਪੰਥਕ ਮਰਿਆਦਾ ਅਤੇ ਸੇਵਾ:* ਸਿੱਖ ਸੰਸਥਾਵਾਂ ਦੀ ਖੁਦਮੁਖਤਿਆਰੀ ਅਤੇ ਪੰਥਕ ਮਰਿਆਦਾ ਨੂੰ ਬਹਾਲ ਰੱਖਣ ਲਈ ਅਸੀਂ ਹਮੇਸ਼ਾ ਪਹਿਰੇਦਾਰੀ ਕਰਾਂਗੇ।

ਸਾਡਾ ਵਾਅਦਾ:

ਅਸੀਂ ਸੱਤਾ ਨੂੰ ਸੇਵਾ ਦਾ ਸਾਧਨ ਮੰਨਦੇ ਹਾਂ, ਨਾ ਕਿ ਅਧਿਕਾਰ। ਸਾਡਾ ਮੰਤਵ ਪੰਜਾਬ ਦੇ ਹਰ ਵਰਗ ਨੂੰ ਨਾਲ ਲੈ ਕੇ ਇੱਕ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਹੈ ਜਿੱਥੇ ਇਨਸਾਫ਼, ਖੁਸ਼ਹਾਲੀ ਅਤੇ ਮਾਣ-ਸਤਿਕਾਰ ਦੀ ਪ੍ਰਧਾਨਤਾ ਹੋਵੇ।

*ਅਸੀਂ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਆਓ, ਰਲ ਕੇ ਪੰਜਾਬ ਦੀ ਕਿਸਮਤ ਬਦਲੀਏ ਅਤੇ ਪੰਥਕ ਵਿਰਸੇ ਨੂੰ ਮੁੜ ਸੁਰਜੀਤ ਕਰੀਏ।*

**ਜਾਰੀ ਕਰਤਾ:**

**ਸ਼੍ਰੋਮਣੀ ਅਕਾਲੀ ਦਲ (ਪੁਨਰਸੁਰਜੀਤ )**

# ਐਲਾਨ-ਨਾਮਾ

ਅਕਾਲੀ ਐਲਾਨ ਨਾਮਾ-2026

**ੴ ਸਤਿਗੁਰ ਪ੍ਰਸਾਦਿ॥**

**ਪੰਥ ਦੀ ਚੜ੍ਹਦੀ ਕਲਾ॥ ਦੇਗ ਤੇਗ ਫਤਹਿ॥ ਪੰਥ ਕੇ ਬੋਲ ਬਾਲੇ॥**

## ਦੋ ਸ਼ਬਦ

ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਿੱਖ ਕੌਮ ਦੀ ਬੁਨਿਆਦ ਜ਼ਬਰ ਜ਼ੁਲਮ ਦੇ ਖਿਲਾਫ ਆਵਾਜ਼ ਬੁਲੰਦ ਕਰਨ ਲਈ ਕੀਤੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਆਂ ਮਹਾਨ ਸ਼ਹਾਦਤਾਂ ਉਪਰੰਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਥਾਪਿਤ ਕੀਤੇ ਗਏ ਖਾਲਸੇ ਨੇ ਜ਼ਾਲਮ ਹਕੂਮਤਾਂ ਅੱਗੇ ਝੁਕਣਾ ਮਨਜ਼ੂਰ ਨਹੀਂ ਕੀਤਾ ਅਤੇ ਧਰਮ ਅਤੇ ਮਨੁੱਖੀ ਹੱਕਾਂ ਦੀ ਰਾਖੀ ਅਤੇ ਗੁਲਾਮੀ ਦੀਆਂ ਜੰਜੀਰਾਂ ਤੋੜਨ ਲਈ ਲਗਾਤਾਰ ਸੰਘਰਸ਼ ਜਾਰੀ ਰੱਖਿਆ। **ਇਸ ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖ ਕੌਮ ਨੇ ਦਿੱਤੀਆਂ।** ਨਨਕਾਣਾ ਸਾਹਿਬ ਦੇ ਖ਼ੂੰਨੀ ਸਾਕੇ ਅਤੇ ਜੈਤੋਂ ਦੇ ਮੋਰਚੇ ਤੋਂ ਬਾਅਦ ਗੁਰਦੁਆਰਾ ਸੁਧਾਰ ਲਹਿਰ ਹੇਠਾਂ **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ** ਦਾ ਜਨਮ ਹੋਇਆ ਅਤੇ ਸਿੱਖਾਂ ਦੇ ਧਾਰਮਿਕ ਅਤੇ ਰਾਜਨੀਤਿਕ ਹਿਤਾਂ ਦੀ ਰਾਖੀ ਲਈ **ਸ਼੍ਰੋਮਣੀ ਅਕਾਲੀ ਦਲ** ਸਥਾਪਿਤ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਬਿਨਾਂ ਸ਼ੱਕ ਸਿੰਘਾਂ ਦੀ ਜੱਦੋਜਹਿਦ ਦੀ ਵਿਲੱਖਣ ਕਹਾਣੀ ਹੈ, ਜੋ ਕਿ ਸਿੱਖਾਂ ਦੇ ਮਹਾਨ ਵਿਰਸੇ **'ਅੜੇ ਸੋ ਝੜੇ'** ਵਿੱਚੋਂ ਨਿਖਰ ਕੇ ਆਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪਿਛਲੇ ਤਕਰੀਬਨ 100 ਸਾਲਾਂ ਵਿੱਚ ਅਨੇਕਾਂ ਹੀ ਅੰਦੋਲਨ ਕੀਤੇ, ਮੋਰਚੇ ਲਗਾਏ ਅਤੇ ਇਤਿਹਾਸਿਕ ਮਾਣਮਤੀਆਂ ਪ੍ਰਾਪਤੀਆਂ ਕੀਤੀਆਂ।

੨੦ਵੀਂ ਸਦੀ ਦੇ ਆਖਰੀ ਦਹਾਕਿਆਂ ਅਤੇ 21ਵੀਂ ਸਦੀ ਵਿੱਚ ਪ੍ਰਵੇਸ਼ ਕਰਦਿਆਂ ਹੀ ਰਾਜਭਾਗ ਦੇ ਸੁੱਖ ਅਤੇ ਲੀਡਰਸ਼ਿਪ ਦੇ ਅਵੇਸਲੇਪਣ ਕਾਰਨ ਸ਼੍ਰੋਮਣੀ ਅਕਾਲੀ ਦਲ ਵਿੱਚ ਅਧੋਗਤੀ ਦਾ ਦੌਰ ਸ਼ੁਰੂ ਹੋਇਆ ਅਤੇ ਇਹ ਪਾਰਟੀ ਆਪਣੇ ਪੰਥਕ ਨਿਸ਼ਾਨਿਆ ਅਤੇ ਸਮਾਜਿਕ, ਰਾਜਸੀ ਅਤੇ ਆਰਥਿਕ ਸਾਰੋਕਾਰਾਂ ਤੋਂ ਪਿੱਛੇ ਹਟ ਗਈ। ਨਤੀਜੇ ਵਜੋਂ ਸਿੱਖਾਂ ਵਿੱਚ ਬੇਗਾਨੇਪਣ ਦੀ ਭਾਵਨਾ ਉਤਪੰਨ ਹੋਈ ਅਤੇ ਸਿੱਖ ਕੌਮ ਨਿਰਾਸ਼ਾ ਅਤੇ ਉਦਾਸਹੀਣਤਾ ਦੇ ਆਲਮ ਵਿੱਚ ਘਿਰ ਗਈ।

**ਅਕਾਲ ਪੁਰਖ ਦੇ ਹੁਕਮ ਨਾਲ** 2 ਦਸੰਬਰ, 202੪ ਨੂੰ ਆਲੌਕਿਕ ਕਾਰਨਾਮਾਂ ਹੋਇਆ। ਸਮੁੱਚੀ ਅਕਾਲੀ ਲੀਡਰਸ਼ਿਪ ਨੇ ਅਕਾਲ ਤਖਤ ਸਾਹਿਬ ਦੇ ਸਾਹਮਣੇ ਆਪਣੀਆਂ ਖਾਮੀਆਂ ਅਤੇ ਗਲਤੀਆਂ ਕਬੂਲ ਕੀਤੀਆਂ ਅਤੇ ਅਕਾਲ ਤਖਤ ਸਾਹਿਬ ਵੱਲੋਂ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਇੱਕ **ਸੱਤ ਮੈਂਬਰੀ ਕਮੇਟੀ** ਗਠਨ ਕੀਤੀ ਗਈ। ਇਹ ਸੱਤ ਮੈਂਬਰੀ ਕਮੇਟੀ ਵਿੱਚੋਂ ਰਾਜਨੀਤਿਕ ਦਬਾਅ ਹੇਠਾਂ ਦੋ ਮੈਂਬਰਾਂ ਨੇ ਅਸਤੀਫਾ ਦੇ ਦਿੱਤਾ। ਉਪਰੰਤ ਅਕਾਲ ਤਖਤ ਸਾਹਿਬ ਵੱਲੋਂ **ਪੰਜ ਮੈਂਬਰੀ ਕਮੇਟੀ** ਨੂੰ ਦੁਬਾਰਾ ਅਕਾਲੀ ਦਲ ਦੀ ਭਰਤੀ ਕਰਕੇ, ਡੈਲੀਗੇਟਾਂ ਦੀ ਚੋਣ ਉਪਰੰਤ ਪਾਰਟੀ ਦੀ ਨਵੀਂ ਲੀਡਰਸ਼ਿਪ ਨੂੰ ਲੋਕਤੰਤਰੀ ਅਤੇ ਪਾਰਦਰਸ਼ਕ ਚੋਣ ਕਰਵਾਉਣ ਦੇ ਦਿਸ਼ਾ ਨਿਰਦੇਸ਼ ਦਿੱਤੇ। ਇਸ **ਪੰਜ ਮੈਂਬਰੀ ਕਮੇਟੀ** ਵਿੱਚ ਸ. ਮਨਪ੍ਰੀਤ ਸਿੰਘ ਇਆਲੀ, ਜਥੇਦਾਰ ਇਕਬਾਲ ਸਿੰਘ ਝੂੰਦਾ, ਬੀਬੀ ਸਤਵੰਤ ਕੌਰ, ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਸ. ਗੁਰਪ੍ਰਤਾਪ ਸਿੰਘ ਵਡਾਲਾ ਕਾਰਜਸ਼ੀਲ ਹੋਏ। ਇਹਨਾਂ ਪੰਜ ਮੈਂਬਰਾਂ ਨੇ ਬੜੀ ਮਿਹਨਤ ਅਤੇ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਸੰਜੀਦਗੀ ਨਾਲ ਪੰਥ ਅਤੇ ਪੰਜਾਬ ਦੀ ਬਿਹਤਰੀ ਲਈ ਅਕਾਲੀ ਪਾਰਟੀ ਦੀ ਨਵੀਂ ਭਰਤੀ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ **ਨਵੀਂ ਦਿਸ਼ਾ ਅਤੇ ਸੇਧ** ਦੇਣ ਲਈ ਡੈਲੀਗੇਟ ਇਜਲਾਸ ਬੁਲਾਇਆ। 11 ਅਗਸਤ 2025 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਡੈਲੀਗੇਟਾਂ ਦੇ ਜਨਰਲ ਇਜਲਾਸ ਵਿੱਚ ਸਰਬ ਸੰਮਤੀ ਨਾਲ **ਗਿਆਨੀ ਹਰਪ੍ਰੀਤ ਸਿੰਘ** (ਸਾਬਕਾ
ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ) ਨੂੰ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਚੁਣ ਲਿਆ ਗਿਆ। ਰਾਜਨੀਤੀ ਨੂੰ ਧਰਮ ਤੋਂ ਸੇਧ ਦੇਣ ਲਈ **ਪੰਥਕ ਕੌਂਸਲ ਦੀ ਸਥਾਪਨਾ** ਕੀਤੀ ਗਈ ਜਿਸ ਵਿੱਚ **ਬੀਬੀ ਸਤਵੰਤ ਕੌਰ** ਨੂੰ ਚੇਅਰ ਪਰਸਨ ਚੁਣਿਆਂ ਗਿਆ।

ਪਾਰਟੀ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਅਤੇ **ਪਾਰਟੀ ਦੇ ਟੀਚੇ ਅਤੇ ਪਾਰਟੀ ਦਾ ਪੰਥਕ ਏਜੰਡਾ** ਨਿਸਚਿਤ ਕਰਨ ਹਿਤ ਇੱਕ **ਵਿਜ਼ਨ ਦਸਤਾਵੇਜ** ਤਿਆਰ ਕਰਨ ਲਈ ਸੱਤ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਿਲ ਕੀਤੇ:

1. ਸਰਦਾਰ ਇਕਬਾਲ ਸਿੰਘ ਝੂੰਦਾ (ਚੇਅਰਮੈਨ)
2. ਜਥੇਦਾਰ ਸੁੱਚਾ ਸਿੰਘ ਛੋਟੇਪੁਰ (ਮੈਂਬਰ)
3. ਸ. ਗੁਰਪ੍ਰਤਾਪ ਸਿੰਘ ਵਡਾਲਾ (ਮੈਂਬਰ)
4. ਸ. ਬਰਜਿੰਦਰ ਸਿੰਘ ਬਰਾੜ (ਮੈਂਬਰ)
5. ਬੀਬੀ ਪਰਮਜੀਤ ਕੌਰ ਲਾਂਡਰਾਂ (ਮੈਂਬਰ)
6. ਸ. ਅਜੈਪਾਲ ਸਿੰਘ ਬਰਾੜ (ਮੈਂਬਰ)
7. ਡਾ. ਗੁਰਮੋਹਨ ਸਿੰਘ ਵਾਲੀਆ, ਸਾਬਕਾ ਵੀ.ਸੀ. (ਮੈਂਬਰ ਸਕੱਤਰ)

ਇਸ ਕਮੇਟੀ ਨੇ ਬੜੀ ਮਿਹਨਤ ਅਤੇ ਸੰਜੀਦਗੀ ਨਾਲ ਆਪਸ ਵਿੱਚ ਤਕਰੀਬਨ 35 ਮੀਟਿੰਗਾਂ ਕੀਤੀਆਂ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਦੇ ਰਾਜਨੀਤਿਕ, ਸਮਾਜਿਕ, ਆਰਥਿਕ ਮਾਹਿਰਾਂ, ਬੁੱਧੀਜੀਵੀਆਂ, ਵਿਦਵਾਨਾਂ ਅਤੇ ਧਾਰਮਿਕ ਸਖਸ਼ੀਅਤਾਂ ਨਾਲ ਵੀ ਦੀਰਘ ਵਿਚਾਰ ਵਟਾਂਦਰੇ ਕੀਤੇ ਗਏ। ਪੰਜਾਬ ਤੋਂ ਬਾਹਰ ਵੀ ਸਿੱਖ ਸੰਸਥਾਵਾਂ ਅਤੇ ਪ੍ਰਮੁੱਖ ਸਿੱਖ ਲੀਡਰਾਂ ਨਾਲ ਰਾਏ ਮਸ਼ਵਰੇ ਕੀਤੇ ਗਏ। ਉਪਰੰਤ ਇਹ ਦਸਤਾਵੇਜ ਤਿਆਰ ਕੀਤਾ ਗਿਆ ਹੈ।

ਪੰਜਾਬ ਦੀਆਂ ਹਰ ਪ੍ਰਮੁੱਖ ਮੰਗਾਂ, ਭਵਿੱਖ ਦੀਆਂ ਲੋੜਾਂ ਅਤੇ ਪੰਜਾਬ ਦੇ ਦਰਦ ਨੂੰ ਮੁੱਖ ਰੱਖ ਕੇ **ਇਹ ਦਸਤਾਵੇਜ** ਤਿਆਰ ਕੀਤਾ ਗਿਆ ਹੈ ਜੋ ਕਿ ਪੰਜਾਬ ਦੇ ਹਰ ਵਰਗ ਦੀਆਂ ਭਾਵਨਾਵਾਂ ਦਾ ਪ੍ਰਤੀਕ ਹੈ। ਪ੍ਰੰਤੂ ਫਿਰ ਵੀ ਕਿਤੇ ਕੋਈ ਕਮੀ ਰਹਿ ਗਈ ਹੋਵੇ ਤਾਂ ਇਹ ਕਮੇਟੀ ਹਰ ਉਸਾਰੂ ਸੁਝਾਅ ਦਾ ਸਮਰਥਨ ਕਰਦੀ ਹੋਈ ਉਸ ਨੂੰ ਇਸ ਦਸਤਾਵੇਜ ਵਿੱਚ ਸ਼ਾਮਿਲ ਕਰ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਇਸ ਦਸਤਾਵੇਜ ਤੇ ਚੱਲਣ ਦਾ ਅਤੇ ਪੰਜਾਬ ਨੂੰ ਹਰ ਪੱਖ ਤੋਂ ਉਸਾਰੂ ਅਤੇ ਸਹੀ ਦਿਸ਼ਾ ਦੇਣ ਦਾ ਅਹਿਦ ਕਰਦਾ ਹੈ।

ਜਥੇਦਾਰ ਇਕਬਾਲ ਸਿੰਘ ਝੂੰਦਾ
ਚੇਅਰਮੈਨ

ਡਾ. ਗੁਰਮੋਹਨ ਸਿੰਘ ਵਾਲੀਆ
ਸਾਬਕਾ ਵੀ.ਸੀ.
ਮੈਂਬਰ ਸਕੱਤਰ

# ਐਲਾਨ-ਨਾਮਾ

ਅਕਾਲੀ ਐਲਾਨ ਨਾਮਾ-2026

## ਐਲਾਨਨਾਮਾ

ਅਕਾਲੀ ਦਲ ਪੰਥ ਦੇ ਹੱਕਾਂ ਦੀ ਰਾਖੀ ਲਈ, ਸਿੱਖ ਕੌਮ ਦੀ **ਆਜ਼ਾਦ ਪੰਥਕ ਹਸਤੀ, ਸਰੂਪ ਅਤੇ ਵੱਖਰੀ ਪਛਾਣ** ਕਾਇਮ ਰੱਖਣ ਲਈ ਹਮੇਸ਼ਾ ਸੰਘਰਸ਼ ਕਰਦਾ ਆ ਰਿਹਾ ਹੈ ਅਤੇ ਕਰਦਾ ਰਹੇਗਾ। ਅਕਾਲੀ ਦਲ ਦਾ ਟੀਚਾ **"ਪੰਥ ਦੀ ਚੜ੍ਹਦੀ ਕਲਾ ਅਤੇ ਪੰਥ ਦੇ ਬੋਲਬਾਲੇ"** ਹਨ। ਇਸਦਾ ਮਨੋਰਥ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ **"ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ"** ਤੇ ਆਧਾਰਿਤ ਹੈ। ਅਕਾਲੀ ਦਲ ਦੇਸ਼-ਵਿਦੇਸ਼ ਵਿੱਚੋਂ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੀ ਵਾਹਦ ਇੱਕੋ ਇੱਕ ਰਾਜਨੀਤਿਕ ਪਾਰਟੀ ਹੈ। ਇਹ ਦਲ **ਪੰਜਾਬ ਦੀ ਤਰੱਕੀ**, **ਖੁਸ਼ਹਾਲੀ**, **ਸਰਬਸਾਂਝੀਵਾਲਤਾ**, **ਸੱਭਿਆਚਾਰ** ਅਤੇ **ਮਾਂ ਬੋਲੀ** ਦਾ **ਪਹਿਰੇਦਾਰ** ਰਿਹਾ ਹੈ ਅਤੇ ਰਹੇਗਾ। ਅਕਾਲੀ ਦਲ ਪੰਥ ਦੇ ਮੂਲ ਸਿਧਾਂਤਾਂ ਤੇ ਡਟ ਕੇ ਪਹਿਰਾ ਦੇਵੇਗਾ ਅਤੇ ਰਾਜਸੀ ਹਿੱਤਾਂ ਲਈ ਪੰਥਕ ਹਿੱਤਾਂ ਨੂੰ ਤਿਲਾਂਜਲੀ ਨਹੀਂ ਦੇਵੇਗਾ।

ਅਕਾਲੀ ਦਲ "**ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ**" ਦੇ ਸਿਧਾਂਤ ਤੇ ਚਲਦਿਆਂ ਦੇਸ਼ ਅਤੇ ਪੰਜਾਬ ਵਿੱਚ ਵੱਸਦੇ ਹਰ ਵਰਗ ਦੇ ਹਿੱਤਾਂ ਅਤੇ ਹੱਕਾਂ ਦੀ ਰਾਖੀ ਲਈ ਵਚਨਬੱਧ ਹੋਵੇਗਾ ਪ੍ਰੰਤੂ ਰਾਜ ਸੱਤਾ ਦੀ ਪ੍ਰਾਪਤੀ ਲਈ ਅਕਾਲੀ ਦਲ ਪੰਥਕ ਸਿਧਾਂਤਾਂ ਨੂੰ ਅੱਖੋਂ ਪਰੋਖੇ ਕਰਕੇ ਕੋਈ ਸਮਝੌਤਾ ਨਹੀਂ ਕਰੇਗਾ। **"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ" ॥** ਅਕਾਲੀ ਦਲ ਗੁਰਬਾਣੀ ਦੇ ਇਸ ਸਿਧਾਂਤ ਅਤੇ ਫਲਸਫੇ ਤੇ ਪਹਿਰਾ ਦਿੰਦਾ ਹੋਇਆ ਗਰੀਬ ਸਮਾਜ ਦੇ ਮਨੁੱਖੀ ਹੱਕਾਂ ਅਤੇ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰੇਗਾ।

## ਮਨੋਰਥ ਪੱਤਰ

### ਪਾਰਟੀ ਦਾ ਦ੍ਰਿਸ਼ਟੀਕੋਣ (Vision)

1. ਪਿਛਲੇ ਕੁਝ ਦਹਾਕਿਆਂ ਵਿੱਚ ਸਿੱਖ ਸੰਸਥਾਵਾਂ, ਪਰੰਪਰਾਵਾਂ, ਅਤੇ ਮਰਿਆਦਾਵਾਂ ਵਿੱਚ ਰਾਜਸੀ ਦਖਲਅੰਦਾਜੀ ਕਾਰਨ ਨਿਘਾਰ ਆਉਣ ਨਾਲ ਅਕਾਲੀ ਦਲ ਦੀ ਰਾਜਨੀਤੀ ਵਿੱਚ ਰਾਜਨੀਤੀ ਅਤੇ ਧਰਮ ਦਾ ਸੁਮੇਲ ਰੱਖਣ ਲਈ **"ਪੰਥਕ ਕੌਂਸਲ"** ਦੀ ਸਥਾਪਨਾ ਕੀਤੀ ਗਈ ਹੈ ਤਾਂ ਕਿ ਰਾਜਨੀਤੀ ਹਮੇਸ਼ਾ ਧਰਮ ਤੋਂ ਸੇਧ ਲੈਂਦੀ ਰਹੇ।

   ਇਸ **'ਪੰਥਕ ਕੌਂਸਲ'** ਵਿੱਚ ਸਮੁੱਚੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਸਿੱਖ ਚਿੰਤਕ, ਬੁਧੀਜਿਵੀ, ਵਿਦਵਾਨ ਅਤੇ ਪੰਥਕ ਦਰਦੀ ਹੀ ਹੋਣਗੇ ਜਿਹੜੇ **ਪੰਥ ਦੀ ਚੜ੍ਹਦੀ ਕਲਾ** ਅਤੇ **ਖ਼ਾਲਸਾ ਜੀ ਦੇ ਬੋਲ-ਬਾਲੇ** ਉੱਪਰ ਸਿਧਾਂਤਿਕ ਪਹਿਰੇਦਾਰੀ ਕਰਨਗੇ ਅਤੇ **"ਪੰਥਕ ਕੌਂਸਲ"** ਪੰਥਕ ਏਕਤਾ ਲਈ ਸੁਹਿਰਦਤਾ ਨਾਲ ਯਤਨਸ਼ੀਲ ਰਹੇਗੀ।

2. **ਬੰਦੀ ਸਿੰਘਾਂ** ਨੂੰ ਰਾਜਨੀਤੀਕ ਕੈਦੀਆਂ ਵਜੋਂ ਮੰਨਦੇ ਹੋਏ ਅਤੇ ਝੂਠੇ ਕੇਸਾਂ ਵਿੱਚ NSA ਲਗਾ ਕੇ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਸ਼੍ਰੋਮਣੀ ਅਕਾਲੀ ਦਲ ਕਾਨੂੰਨੀ, ਰਾਜਨੀਤੀਕ ਅਤੇ ਹੋਰ ਸਭ ਯੋਗ ਵਸੀਲੇ ਵਰਤਣ ਲਈ ਵਚਨਬੱਧ ਹੈ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

3. **ਰਾਜ ਸਭਾ** ਵਿੱਚ ਸਾਰੇ **ਦੇਸ਼ ਦੇ ਪ੍ਰਾਂਤਾਂ ਨੂੰ ਬਰਾਬਰ ਨੁਮਾਇੰਦਗੀ** ਦਵਾਉਣ ਵਾਸਤੇ ਅਕਾਲੀ ਦਲ ਦੇਸ਼ ਦੀਆਂ ਹੋਰ ਰਾਜਨੀਤਿਕ ਪਾਰਟੀਆਂ ਦੇ ਸਹਿਯੋਗ ਨਾਲ ਸੰਵਿਧਾਨ ਵਿੱਚ ਲੋੜੀਂਦੀ ਸੋਧ ਕਰਵਾਏਗਾ।
4. ਅਕਾਲੀ ਦਲ ਦਾ ਚੁਣਿਆ ਹੋਇਆ ਪ੍ਰਧਾਨ ਪਾਰਟੀ ਦੀ ਜਥੇਬੰਦਕ ਚੋਣ ਤੋਂ ਇਲਾਵਾ **ਵਿਧਾਨ ਸਭਾ** ਅਤੇ **ਲੋਕ ਸਭਾ** ਦੀ ਚੋਣ ਨਹੀ ਲੜੇਗਾ।
5. ਅਕਾਲੀ ਦਲ ਦੇ ਪ੍ਰਧਾਨ ਦਾ ਕਾਰਜਕਾਲ ਤਿੰਨ ਸਾਲ ਦਾ ਹੋਵੇਗਾ ਉਹ ਲਗਾਤਾਰ ਛੇ ਸਾਲ( ਤਿੰਨ-ਤਿੰਨ ਸਾਲ ਦੇ ਦੋ ਕਾਰਜਕਾਲ) ਜਾਂ ਵੱਖਵਾ ਪਾ ਕੇ ਦੁਬਾਰਾ ਕੇਵਲ ਇੱਕ ਕਾਰਜਕਾਲ ਦੀ ਹੀ ਚੋਣ ਲੜ ਸਕੇਗਾ। (ਅ) ਅਕਾਲੀ ਦਲ ਦਾ ਪ੍ਰਧਾਨ ਜੇਕਰ ਅਸੈਂਬਲੀ ਜਾਂ ਪਾਰਲੀਮੈਂਟ ਦੀ ਚੋਣ ਲੜਨਾ ਚਾਹੇਗਾ ਤਾਂ ਘੱਟ ਤੋਂ ਘੱਟ ਇੱਕ ਸਾਲ ਪਹਿਲਾਂ ਉਸ ਨੂੰ ਪ੍ਰਧਾਨਗੀ ਦਾ ਅਹੁਦਾ ਛੱਡਣਾ ਪਵੇਗਾ।
6. ਅਕਾਲੀ ਦਲ ਵੱਲੋਂ 2022 ਦੀਆਂ ਚੋਣਾਂ ਤੋਂ ਬਾਅਦ ਪਾਰਟੀ ਦੇ ਰਾਜਸੀ ਨਿਘਾਰ ਦੇ ਕਾਰਨਾਂ ਦੀ ਜਾਂਚ ਸਬੰਧੀ ਬਣੀ **"ਝੂੰਦਾਂ ਕਮੇਟੀ"** ਦੀਆਂ ਮੁੱਖ ਸਿਫਾਰਸ਼ਾਂ ਨੂੰ ਇੰਨ ਬਿਨ ਲਾਗੂ ਕੀਤਾ ਜਾਵੇਗਾ।
7. ਪਾਰਟੀ ਦਾ ਡੈਲੀਗੇਟ ਹਾਊਸ ਚੁਣਨ ਲਈ ਮੈਂਬਰਸ਼ਿਪ ਭਰਤੀ ਛੇ ਸਾਲ ਬਾਅਦ ਹੋਵੇਗੀ ਅਤੇ ਡੈਲੀਗੇਟ ਇਜਲਾਸ ਛੇ ਸਾਲ ਤੱਕ ਕਾਰਜਸ਼ੀਲ ਰਹੇਗਾ। ਅਕਾਲੀ ਦਲ ਦੀ ਭਰਤੀ ਹਮੇਸ਼ਾ ਖੁੱਲੀ ਰਹੇਗੀ ਅਤੇ ਮੈਂਬਰ ਬਣਨ ਤੇ ਕੋਈ ਪਾਬੰਦੀ ਨਹੀਂ ਹੋਵੇਗੀ।ਅਕਾਲੀ ਦਲ ਦਾ ਇੱਕ ਸਾਲ ਵਿੱਚ ਘੱਟ ਤੋਂ ਘੱਟ **ਇੱਕ ਡੈਲੀਗੇਟ ਇਜਲਾਸ** ਬੁਲਾਉਣਾ ਲਾਜ਼ਮੀ ਹੋਵੇਗਾ ਤੇ ਉਸ ਸਮੇਂ ਦੌਰਾਨ ਪਾਰਟੀ ਦੀ ਕਾਰਜ ਸ਼ੈਲੀ ਦਾ ਮੁਲਾਂਕਨ ਵੀ ਕੀਤਾ ਜਾਵੇਗਾ।
8. **ਇੱਕ ਪਰਿਵਾਰ ਇੱਕ ਟਿਕਟ ਦੀ ਹੱਕਦਾਰ ਹੋਵੇਗਾ।**
9. ਉਮੀਦਵਾਰਾਂ ਦੀ ਚੋਣ ਲਈ ਪਾਰਟੀ ਦਾ ਪਾਰਲੀਮੈਂਟਰੀ ਬੋਰਡ ਬਣਾਇਆ ਜਾਵੇਗਾ, ਜੋ ਚੇਅਰਮੈਨ ਅਤੇ ਕੋ- ਚੇਅਰਮੈਨ ਸਮੇਤ ਸੱਤ ਜਾਂ ਨੌ ਮੈਂਬਰੀ ਹੋਵੇਗਾ। ਜਿਸ ਦੀਆਂ ਸਿਫਾਰਸ਼ਾਂ ਅਤੇ ਸਹਿਮਤੀ ਨਾਲ ਪਾਰਟੀ ਪ੍ਰਧਾਨ ਫੈਸਲੇ ਕਰੇਗਾ। ਵਿਧਾਨ ਸਭਾ ਅਤੇ ਲੋਕ ਸਭਾ ਚੋਣ ਲੜਨ ਵਾਲੇ ਉਮੀਦਵਾਰਾਂ (ਜੇਕਰ ਸਿੱਖ ਧਰਮ ਨਾਲ ਸਬੰਧਤ ਹੋਣ) ਦਾ ਸਾਬਤਸੂਰਤ ਹੋਣਾ ਜਰੂਰੀ ਹੋਵੇਗਾ। ਦੂਸਰੇ ਧਰਮ ਦੇ ਉਮੀਦਵਾਰਾਂ ਤੇ ਇਹ ਸ਼ਰਤ ਲਾਗੂ ਨਹੀਂ ਹੋਵੇਗੀ।
10. ਪੰਜਾਬ ਅਤੇ ਪੰਜਾਬ ਤੋਂ ਬਾਹਰ ਸਾਰੇ ਵਿਦਿਅਕ ਅਦਾਰਿਆਂ ਵਿੱਚ ਨੌਜਵਾਨਾਂ ਵਿੱਚ ਪਤਿਤਪੁਣਾ ਦੂਰ ਕਰਨ ਅਤੇ ਨੌਜਵਾਨਾਂ ਵਿੱਚ ਪੰਥ ਪ੍ਰਸਤੀ ਦੀ ਭਾਵਨਾ ਪੈਦਾ ਕਰਨ ਲਈ **ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ** ਦੇ ਯੂਨਿਟ ਬਣਾ ਕੇ ਫੈਡਰੇਸ਼ਨ ਨੂੰ **ਪੁਨਰ ਸੁਰਜੀਤ** ਕੀਤਾ ਜਾਵੇਗਾ।
11. ਅਕਾਲੀ ਦਲ ਦੇ ਯੂਥ ਵਿੰਗ ਦੇ ਪ੍ਰਧਾਨ ਲਈ ਉਮਰ ਸੀਮਾ 37 ਸਾਲ ਤੱਕ ਹੋਵੇਗੀ।

# ਐਲਾਨ-ਨਾਮਾ

ਅਕਾਲੀ ਐਲਾਨ ਨਾਮਾ-2026

12. ਸ਼੍ਰੋਮਣੀ ਅਕਾਲੀ ਦਲ ਦਾ **ਰਾਜਸੀ ਨਿਸ਼ਾਨਾ**," **ਸਰਬੱਤ ਦਾ ਭਲਾ ਅਤੇ ਪੰਥ ਦੇ ਬੋਲ ਬਾਲੇ**"ਹੈ।
13. ਦੇਸ਼ ਦੀ ਆਜ਼ਾਦੀ ਤੋਂ ਲੈ ਕੇ ਹੁਣ ਤੱਕ ਸਿੱਖਾਂ ਦੀ ਨਸਲਕੁਸ਼ੀ ਅਤੇ ਸਿੱਖਾਂ ਨਾਲ ਹੋਈਆਂ ਵਧੀਕੀਆਂ ਦਾ ਨਿਆਂ ਦਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।
14. ਅਕਾਲੀ ਦਲ ਪਾਰਟੀ ਵਿੱਚ ਇਮਾਨਦਾਰ ਅਤੇ ਸਾਫ ਸੁਥਰੇ ਅੱਕਸ ਦੇ ਆਗੂ ਲਿਆਉਣ ਲਈ ਵਚਨਬੱਧ ਹੈ। ਅਕਾਲੀ ਦਲ **ਜਵਾਬਦੇਹ, ਪਾਰਦਰਸ਼ਕ ਅਤੇ ਭ੍ਰਿਸ਼ਟਾਚਾਰ** ਮੁਕਤ ਰਾਜਨੀਤੀ ਕਰੇਗਾ।
15. ਅਕਾਲੀ ਦਲ ਪਾਰਟੀ ਦੇ ਅੰਦਰ ਖਾਸ ਤੌਰ ਤੇ, ਪਰਿਵਾਰਵਾਦ ਨੂੰ ਰੱਦ ਕਰਨ, ਲੋਕਤੰਤਰ ਕਦਰਾਂ ਕੀਮਤਾਂ ਅਤੇ ਮਾਪਦੰਡਾਂ ਨੂੰ ਅਪਨਾਉਣ ਦਾ ਹਾਮੀ ਹੈ।
16. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੋਈ ਵੀ ਮੈਂਬਰ ਰਾਜਸੀ ਚੋਣ ਨਹੀਂ ਲੜੇਗਾ, ਉਹ ਸਿਰਫ ਧਾਰਮਿਕ ਖੇਤਰ ਵਿੱਚ ਹੀ ਸੇਵਾਵਾਂ ਨਿਭਾਉਣਗੇ। ਇਸੇ ਤਰ੍ਹਾਂ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਲੜਨ ਵਾਲੇ ਆਗੂ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਨਹੀਂ ਲੜਨਗੇ।

## ਪੰਥਕ ਦ੍ਰਿਸ਼ਟੀਕੋਣ (Vision)

1. **ਦਸ ਗੁਰੂ ਸਾਹਿਬਾਨ** ਅਤੇ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਦੇ ਫਲਸਫੇ ਅਤੇ ਉਪਦੇਸ਼ਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ।
2. ਸ੍ਰੀ ਅਕਾਲ ਤਖਤ ਸਾਹਿਬ ਅਤੇ ਹੋਰ ਤਖਤਾਂ ਦੀ ਪ੍ਰਭੁਸੱਤਾ ਦੀ ਬਹਾਲੀ ਲਈ ਅਤੇ **ਤਖਤ ਸਾਹਿਬ**, ਅਤੇ ਤਖਤ ਸਾਹਿਬ ਦੇ **ਜਥੇਦਾਰ ਸਾਹਿਬਾਨ ਦੀ ਆਜ਼ਾਦ ਹਸਤੀ** ਨੂੰ ਕਾਇਮ ਰੱਖਣਾ ਅਤੇ ਉਹਨਾਂ ਦੀ ਨਿਯੁਕਤੀ,ਕਾਰਜਖੇਤਰ,ਸੇਵਾ ਮੁਕਤੀ ਅਤੇ ਸੇਵਾ ਮੁਕਤੀ ਉਪਰੰਤ ਸਹੂਲਤਾਂ ਆਦਿ ਦਾ ਪੰਥਕ ਭਾਵਨਾਵਾਂ ਅਨੁਸਾਰ ਵਿਧੀ ਵਿਧਾਨ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।
3. ਪਿਛਲੇ ਕੁਝ ਦਹਾਕਿਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਦਾ ਇਨਸਾਫ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਵਾਉਣਾਂ ਲਈ ਸ਼੍ਰੋਮਣੀ ਅਕਾਲੀ ਦਲ ਸਖਤ ਕਾਨੂੰਨ ਬਣਾਉਣ ਲਈ ਵਚਨਬੱਧ ਹੈ।
4. ਸ੍ਰੀ **ਨਨਕਾਣਾ ਸਾਹਿਬ** ਅਤੇ ਪੰਜ ਤਖਤ ਸਾਹਿਬਾਨਾਂ ਨਾਲ ਸਬੰਧਿਤ ਸ਼ਹਿਰਾਂ ਨੂੰ ਸੰਪੂਰਨ **ਪਵਿੱਤਰ ਸ਼ਹਿਰਾਂ ਦਾ** ਦਰਜਾ ਦਵਾਉਣ ਦੇ ਯਤਨ ਕੀਤੇ ਜਾਣਗੇ।
5. ਸਿੱਖਾਂ ਦੀ **ਵਿਲੱਖਣ ਕੌਮੀ ਪਛਾਣ** ਨੂੰ ਕਾਇਮ ਰੱਖਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

6. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ 1925 ਵਿੱਚ ਸੋਧ ਕਰਕੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਰ ਪੰਜ ਸਾਲ ਬਾਅਦ ਕਰਵਾਉਣੀਆਂ ਯਕੀਨੀ ਬਣਾਉਣ ਲਈ ਅਕਾਲੀ ਦਲ ਵਚਨਬੱਧ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਾਇਦਾਦਾਂ ਅਤੇ ਟਰੱਸਟਾਂ ਨਾਲ ਸਬੰਧਿਤ ਕਾਰਜਾਂ ਵਿੱਚ ਤਰੁੱਟੀਆਂ ਆ ਚੁੱਕੀਆਂ ਹਨ ਅਤੇ ਕਈ ਰਾਜਨੀਤਿਕ ਪ੍ਰਭਾਵਸ਼ਾਲੀ ਲੋਕ/ ਘਰਾਣੇ ਇਹਨਾਂ ਜਾਇਦਾਦਾਂ ਜਾਂ ਟਰੱਸਟਾਂ ਤੋਂ ਨਾਜਾਇਜ ਲਾਭ ਉਠਾ ਰਹੇ ਹਨ। ਲੀਗਲ ਰਾਏ ਲੈ ਕੇ ਇਹਨਾਂ ਟਰੱਸਟਾਂ ਦਾ ਪ੍ਰਬੰਧ ਸਿੱਧੇ ਰੂਪ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਲਿਆਂਦਾ ਜਾਵੇਗਾ। ਅਕਾਲੀ ਦਲ ਸ਼੍ਰੋਮਣੀ ਕਮੇਟੀ ਦੀਆਂ ਜਾਇਦਾਦਾਂ ਅਤੇ ਟਰੱਸਟਾਂ ਵਿੱਚ ਸੇਵਾ ਭਾਵਨਾ ਵਾਲੇ ਵਿਦਵਾਨਾਂ, ਮਾਹਿਰਾਂ ਅਤੇ ਗੁਰਮੁਖਾਂ ਨੂੰ ਹੀ ਇਹਨਾਂ ਸੰਸਥਾਵਾਂ ਦੇ ਸਬੰਧਿਤ ਕਾਰਜਾਂ ਵਿੱਚ ਸ਼ਾਮਿਲ ਕਰਵਾਉਣ ਲਈ ਯੋਗ ਉਪਰਾਲੇ ਕਰੇਗਾ। ਸ਼੍ਰੋਮਣੀ ਕਮੇਟੀ ਦੀਆਂ ਪਿਛਲੇ ਸਮੇਂ ਦੌਰਾਨ ਜ਼ਾਇਦਾਦਾਂ ਦੀ ਹੋਈ ਖਰੀਦ ਅਤੇ ਵੇਚ ਤੇ ਵਾਈਟ ਪੇਪਰ ਜਾਰੀ ਕਰਕੇ ਸੰਗਤ ਅੱਗੇ ਰੱਖਿਆ ਜਾਵੇਗਾ।

7. ਭਾਰਤ ਵਿੱਚ ਸਾਰੇ ਗੁਰਦੁਆਰਾ ਸਾਹਿਬਾਨ,ਸੰਪਰਦਾਵਾਂ ਅਤੇ ਸਿੱਖ ਸਭਾਵਾਂ ਨੂੰ ਇੱਕ ਲੜੀ ਵਿੱਚ ਪਰੋਣ ਲਈ ਦੇਸ਼ ਅਤੇ ਵਿਦੇਸ਼ਾਂ ਵਿੱਚ ਵਸਦੇ ਸਿੱਖ ਭਾਈਚਾਰੇ ਦੀ ਸਹਿਮਤੀ ਨਾਲ **"ਆਲ ਇੰਡੀਆ ਸਿੱਖ ਗੁਰਦੁਆਰਾ ਐਕਟ"** ਬਣਵਾਉਣ ਦਾ ਯਤਨ ਕੀਤਾ ਜਾਵੇਗਾ।

8. ਸਿੱਖੀ ਨਾਲ ਸਬੰਧਤ ਸੰਪਰਦਾਵਾਂ ਅਤੇ ਸ਼ਾਖਾਵਾਂ ਜਿਵੇਂ ਕਿ **ਉਦਾਸੀ, ਨਿਰਮਲੇ, ਸਿੰਧੀ, ਵਣਜਾਰੇ, ਸ਼ਿਕਲੀਗਰ ਅਤੇ ਸਮੂਹ ਨਾਨਕ ਲੇਵਾ ਭਾਈਚਾਰਾ ਆਦਿ** ਜੋ ਗੁਰੂ ਕਾਲ ਤੋਂ ਪੰਥ ਦਾ ਵੱਡਮੁੱਲਾ ਹਿੱਸਾ ਹਨ ਅਤੇ ਹੋਰ ਜੋ ਵੀ ਸਿੱਖੀ ਨੂੰ ਅਪਣਾ ਰਹੇ ਹਨ ਨੂੰ ਸਿੱਖ ਧਰਮ ਦੀ ਮੁੱਖ ਧਾਰਾ ਨਾਲ ਜੋੜਨ ਲਈ ਉਪਰਾਲੇ ਕਰਨੇ।

9. ਸਿੱਖੀ ਦੇ ਪ੍ਰਚਾਰ, ਪ੍ਰਸਾਰ ਅਤੇ ਸਿੱਖੀ ਮਰਿਯਾਦਾ ਨੂੰ ਲਾਗੂ ਕਰਨ ਹਿੱਤ ਵਿਦੇਸ਼ਾਂ ਵਿੱਚ ਗੁਰਦੁਆਰਿਆਂ ਦੀਆਂ ਕਮੇਟੀਆਂ ਨਾਲ ਤਾਲਮੇਲ ਕਰਨਾ।

10. ਸ੍ਰੀ ਅਕਾਲ ਤਖਤ ਸਾਹਿਬ ਸਮੂਹ ਸੰਸਾਰ ਵਿੱਚ ਵਸਦੇ ਸਿੱਖ ਭਾਈਚਾਰੇ ਦੀ ਵਿਸ਼ਵਿਆਪੀ ਆਜ਼ਾਦ ਹਸਤੀ ਦੇ ਰੂਪ ਵਿੱਚ ਪ੍ਰਵਾਨਿਤ ਸਿੱਖ ਸੰਸਥਾ ਹੈ। ਇਸ ਲਈ ਗੁਰੂ ਸਾਹਿਬਾਨ, ਸਿੱਖ ਇਤਿਹਾਸ ਅਤੇ ਸਿੱਖ ਵਿਰਸੇ ਸਬੰਧੀ ਨਾਟਕ, ਡਾਕੂਮੈਂਟਰੀਜ਼ ਅਤੇ ਸੀਰੀਅਲ ਆਦਿ ਬਣਾਉਣ ਲਈ ਅਕਾਲ ਤਖਤ ਸਾਹਿਬ ਵੱਲੋਂ ਬਣਾਏ ਗਏ ਬੋਰਡ ਤੋਂ ਪੂਰਵ ਪ੍ਰਵਾਨਗੀ ਲੈਣੀ ਲਾਜ਼ਮੀ ਕੀਤੀ ਜਾਵੇਗੀ।

11. ਅਕਾਲੀ ਦਲ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਤੇ ਸਿੱਖੀ ਦੀ ਪ੍ਰਫੁੱਲਤਾ ਲਈ ਹਰ ਸੰਭਵ ਯੋਗਦਾਨ ਪਾਉਣ ਲਈ ਵਚਨਬੱਧ ਹੈ। ਸਿੱਖੀ ਸਿਧਾਂਤਾਂ, ਇਤਿਹਾਸ, ਵਿਰਸਾ ਅਤੇ ਗੁਰਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਕਾਲੀ ਦਲ, **ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ** ਆਪਣਾ ਟੀ.ਵੀ. ਚੈਂਨਲ ਸਥਾਪਿਤ ਕਰਵਾਏਗਾ, ਜਿਸਦੇ ਨਿਯਮ ਗੁਰਮਰਿਆਦਾ ਅਨੁਸਾਰ ਤੈਅ ਕੀਤੇ ਜਾਣਗੇ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

12. ਸਿੱਖ ਇੱਕ ਵੱਖਰੀ ਅਤੇ **ਵਿਲੱਖਣ ਕੌਮ** ਹੈ। ਅਕਾਲੀ ਦਲ **"ਅਨੰਦ ਮੈਰਿਜ ਐਕਟ"** ਨੂੰ ਮੁਕੰਮਲ ਤੌਰ ਤੇ ਲਾਗੂ ਕਰਾਉਣ ਲਈ ਵਚਨਬੱਧ ਹੈ। ਸਿੱਖ ਕੌਮ ਦੀ ਮਿਆਰੀ ਅਤੇ ਨਿਵੇਕਲੀ ਹੋਂਦ ਵਾਸਤੇ ਸੰਵਿਧਾਨ ਦੀ ਧਾਰਾ 25 ਵਿੱਚ ਸਿੱਖ ਭਾਵਨਾਵਾਂ ਅਨੁਸਾਰ ਸੋਧ ਕਰਾਉਣਾ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਮੁੱਖ ਮੁੱਦਾ ਹੋਵੇਗਾ।
13. ਪੰਜਾਬ ਵਿੱਚ ਜ਼ਬਰੀ ਅਤੇ ਲਾਲਚ ਵੱਸ ਹੋ ਰਹੇ ਧਰਮ ਪਰਿਵਰਤਨ ਨੂੰ ਕਾਨੂੰਨ ਬਣਾ ਕੇ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ। ਇਸ ਸਬੰਧੀ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਯਤਨਸ਼ੀਲ ਰਹੇਗਾ।
14. ਸਿੱਖਾਂ ਦੇ ਗੁਰੂਧਾਮਾਂ ਅਤੇ ਸਿੱਖ ਮਸਲਿਆ ਵਿੱਚ ਸਰਕਾਰਾਂ ਦੀ ਦਖਲ ਅੰਦਾਜੀ ਰੋਕਣ ਲਈ ਅਤੇ ਪਿਛਲੇ ਕੁਝ ਦਹਾਕਿਆਂ ਵਿੱਚ ਦੇਸ਼ ਦੇ ਅਲੱਗ ਅਲੱਗ ਹਿੱਸਿਆਂ ਵਿੱਚ ਸਿੱਖਾਂ ਦੇ ਪੰਜ ਮਹੱਤਵਪੂਰਨ ਇਤਿਹਾਸਿਕ ਗੁਰਦੁਆਰੇ ਢਾਹੁਣ ਸੰਬੰਧੀ (ਜਿਹਨਾਂ ਵਿੱਚ ਮੰਗੂਮੱਠ, ਹਰਿਦੁਆਰ, ਡਾਂਗਮਾਰ ਸਿੱਕਮ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਥੁਰਾ ਅਤੇ ਮਥੁਰਾ ਵਿੱਚ ਯਮੁਨਾ ਦੇ ਨੇੜੇ ਗੁਰਦੁਆਰੇ ਸ਼ਾਮਿਲ ਹਨ)। ਅਕਾਲੀ ਦਲ ਇਹਨਾਂ ਗੁਰਦੁਆਰਿਆਂ ਦੀ ਮੁੜ ਸਥਾਪਤੀ ਲਈ ਅਤੇ ਸਰਕਾਰਾਂ ਦੇ ਦਖਲ ਰੋਕਣ ਲਈ ਹਰ ਸੰਭਵ ਵਸੀਲੇ ਕਰੇਗਾ।
15. ਦੇਸ਼ ਵਿੱਚ ਸਿੱਖਾਂ ਦੇ ਕਕਾਰਾਂ ਦੀ ਵੱਖਰੀ ਪਹਿਚਾਣ ਕਾਰਨ **ਅੰਮ੍ਰਿਤਧਾਰੀ ਸਿੱਖਾਂ** ਨੂੰ ਲਗਾਤਾਰ **ਵਿਤਕਰੇ** ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਕਾਲੀ ਦਲ ਪੁਰਜੋਰ ਤਰੀਕੇ ਨਾਲ ਇਸ ਮਸਲੇ ਨੂੰ ਕੇਂਦਰ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਤੱਕ ਉਠਾਏਗਾ। ਸਿੱਖਾਂ ਦੀ ਵਿਲੱਖਣ ਪਹਿਚਾਣ, ਜਿਸਨੂੰ ਸੰਵਿਧਾਨ ਨੇ ਵੀ ਮਾਨਤਾ ਦਿੱਤੀ ਹੈ, ਦੀ ਜਾਣਕਾਰੀ ਅਕਾਲੀ ਦਲ ਦੇਸ਼ ਦੇ ਹਰ ਰਾਜ ਵਿੱਚ ਲੋਕਾਂ ਤੱਕ ਪਹੁੰਚਾਉਣ ਲਈ ਵਚਨਬੱਧ ਹੈ।
16. ਸਿੱਖ ਸੰਸਥਾਵਾਂ ਅਤੇ ਸੰਪਰਦਾਵਾਂ ਦੀ ਸਹਿਮਤੀ ਨਾਲ ਨਾਨਕਸ਼ਾਹੀ ਕੈਲੰਡਰ ਨੂੰ ਸ਼੍ਰੋਮਣੀ ਕਮੇਟੀ ਰਾਹੀਂ ਲਾਗੂ ਕਰਵਾਉਣ ਲਈ ਵਚਨਬੱਧ ਹੋਵੇਗਾ।

## ਪੰਜਾਬ ਦਾ ਦ੍ਰਿਸ਼ਟੀਕੋਣ (Vision)

1. ਸ਼੍ਰੋਮਣੀ ਅਕਾਲੀ ਦਲ ਦੇਸ਼ ਦੇ ਸੰਵਿਧਾਨ ਨਿਰਮਾਤਾਵਾਂ ਦੀ ਭਾਵਨਾ ਅਨੁਸਾਰ ਦੇਸ਼ ਵਿੱਚ ਹਕੀਕੀ ਰੂਪ ਵਿੱਚ ਸੰਘੀ ਢਾਂਚੇ ਨੂੰ ਸਹੀ ਰੂਪ ਵਿੱਚ ਉਸਾਰਨ ਲਈ ਵਚਨਬੱਧ ਹੈ। ਅਕਾਲੀ ਦਲ **ਅਨੰਦਪੁਰ ਸਾਹਿਬ ਦੇ ਮਤੇ** ਦੀ ਰੌਸ਼ਨੀ ਵਿੱਚ ਦੇਸ਼ ਵਿੱਚ ਸਹੀ ਸੋਚ ਵਾਲੀਆਂ ਰਾਜਨੀਤਿਕ ਪਾਰਟੀਆਂ ਨਾਲ ਤਾਲਮੇਲ ਕਰਕੇ ਸੂਬਿਆਂ ਦੇ ਵੱਧ ਅਧਿਕਾਰਾਂ ਸਬੰਧੀ ਸੰਘਰਸ਼ ਅਤੇ ਗੱਲਬਾਤ ਦੇ ਰਾਹ ਅਖਤਿਆਰ ਕਰੇਗਾ ਤਾਂ ਜੋ ਸੂਬਿਆਂ ਦੇ ਬਣਦੇ ਵੱਧ ਅਧਿਕਾਰ ਸੰਵਿਧਾਨ ਮੁਤਾਬਕ ਰਾਜਾਂ ਨੂੰ ਮਿਲ ਸਕਣ।
2. ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਅਜ਼ਾਦੀ ਤੋਂ ਬਾਅਦ ਦੇਸ਼ ਦੀਆਂ ਵੱਖ-ਵੱਖ ਪ੍ਰਮੁੱਖ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਰਾਜਨੀਤਿਕ ਪਾਰਟੀਆਂ ਅਤੇ ਕੇਂਦਰ ਦੀਆਂ ਸਰਕਾਰਾਂ, ਸਿੱਖਾਂ ਨਾਲ ਹੋਏ ਸਮਝੌਤਿਆਂ ਦੀ ਵਾਅਦਾ ਖਿਲਾਫੀ ਕਰਦੀਆਂ ਆ ਰਹੀਆਂ ਹਨ। ਸਿੱਖਾਂ ਦੇ ਬਣਦੇ ਰਾਜਨੀਤਿਕ ਹੱਕਾਂ,**ਪੰਜਾਬੀ ਸੂਬਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਜਾਬ ਦੇ ਪਾਣੀਆਂ, ਭਾਖੜਾ ਮੈਨੇਜਮੈਂਟ ਬੋਰਡ**, ਪੰਜਾਬੀ ਬੋਲਦੇ ਇਲਾਕੇ ਅਤੇ ਪੰਜਾਬ ਦੀ ਰਾਜਧਾਨੀ ਸਬੰਧੀ ਕੇਂਦਰ ਹਮੇਸ਼ਾ ਹੀ ਵਿਤਕਰਾ ਕਰਦਾ ਆ ਰਿਹਾ ਹੈ। ਨਤੀਜੇ ਵਜੋਂ ਭਾਰਤ ਵਿੱਚ ਵਸਦੀ ਸਿੱਖ ਕੌਮ ਅਤੇ ਪੰਜਾਬੀਆਂ ਵਿੱਚ ਨਿਰਾਸ਼ਾ ਅਤੇ ਬੇਗਾਨੇਪਣ ਦੀ ਭਾਵਨਾ ਉਤਪੰਨ ਹੋਈ ਹੈ। ਪੰਜਾਬ ਦੀਆਂ ਹੱਕੀ ਮੰਗਾਂ ਦੀ ਪੂਰਤੀ ਲਈ ਅਕਾਲੀ ਦਲ ਲੋਕਤੰਤਰਿਕ ਸੰਘਰਸ਼ ਕਰਨ ਲਈ ਵਚਨਬੱਧ ਹੈ ਅਤੇ ਕੇਂਦਰ ਵੱਲੋਂ ਪੰਜਾਬ ਦੇ ਕਾਨੂੰਨ ਵਿਵਸਥਾ ਅਤੇ ਵਿੱਦਿਅਕ ਪ੍ਰਣਾਲੀ ਆਦਿ ਵਿੱਚ ਕੇਂਦਰ ਦੀ ਬੇਲੋੜੀ ਦਖਲਅੰਦਾਜੀ ਨੂੰ ਰੋਕਣ ਲਈ ਅਕਾਲੀ ਦਲ ਸੰਜੀਦਗੀ ਨਾਲ ਯਤਨਸ਼ੀਲ ਰਹੇਗਾ।

3. ਮਨੁਖੀ ਸਿਹਤ ਲਈ ਅਤੇ ਸੱਭਿਅਕ ਵਰਤਾਰੇ ਲਈ ਘਾਤਕ ਹਾਨੀਕਾਰਕ ਪਦਾਰਥਾਂ ਦਾ ਪੰਜਾਬ ਵਿੱਚ ਨਾ ਹੋਣ ਹੀ ਸੋਭਾ ਦਿੰਦਾ ਹੈ। ਇਸ ਲਈ ਪੰਜਾਬ ਵਿੱਚ ਤੰਬਾਕੂ ਅਤੇ ਹੋਰ ਗੈਰ ਕਾਨੂੰਨੀ ਨਸ਼ਿਆਂ ਉੱਤੇ ਅਕਾਲੀ ਦਲ ਸਖਤੀ ਨਾਲ ਰੋਕ ਲਗਾਏਗਾ। ਖਾਦ ਪਦਾਰਥਾਂ ਅਤੇ ਖਾਣ ਵਾਲੀਆਂ ਵਸਤੂਆਂ ਵਿੱਚ ਮਿਲਾਵਟ ਕਰਨ ਵਾਲਿਆਂ ਨੂੰ ਸਖਤੀ ਨਾਲ ਨਜੀਠਿਆ ਜਾਵੇਗਾ।

4. ਪੰਜਾਬ ਵਿੱਚ ਉਦਯੋਗ ਅਤੇ ਵਪਾਰ ਬਹੁਤ ਮਾੜੇ ਦੌਰ ਵਿੱਚੋਂ ਲੰਘ ਰਿਹਾ ਹੈ। ਕਿਸੇ ਵੀ ਸੂਬੇ ਦੀ ਤਰੱਕੀ ਇਸਤੋਂ ਬਿਨਾਂ ਸੰਭਵ ਨਹੀਂ ਹੈ। ਪੰਜਾਬ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਸੂਬੇ ਵਿੱਚ ਉਦਯੋਗ ਅਤੇ ਵਪਾਰ ਦਾ ਪ੍ਰਫੁੱਲਤ ਹੋਣਾ ਲਾਜ਼ਮੀ ਹੈ। ਇਸ ਲਈ ਪੰਜਾਬ ਦੇ ਆਰਥਿਕ ਹਿਤਾਂ ਨੂੰ ਮੁੱਖ ਰੱਖਕੇ ਕਾਰੋਬਾਰੀਆਂ ਦੇ ਸਹਿਯੋਗ ਨਾਲ ਇਸ ਸਬੰਧੀ ਠੋਸ ਨੀਤੀ ਬਣਾਈ ਜਾਵੇਗੀ।

5. ਪੰਜਾਬ ਵਿੱਚ ਸਰਕਾਰੀ ਨੌਕਰੀ ਲਈ ਕਿਸੇ ਵੀ ਵਿਅਕਤੀ ਨੂੰ ਪਹਿਲੀ ਤੋਂ ਲੈ ਕੇ ਦਸਵੀਂ ਤੱਕ ਪੰਜਾਬੀ ਨੂੰ ਜ਼ਰੂਰੀ ਵਿਸ਼ੇ ਦੇ ਤੌਰ ਤੇ ਪੜ੍ਹਿਆ ਹੋਣਾ ਲਾਜ਼ਮੀ ਹੋਵੇਗਾ।

6. ਜਿਹੜੇ ਰਾਜਾਂ ਵਿੱਚ ਪੰਜਾਬ ਦੇ ਲੋਕ ਜ਼ਮੀਨ ਨਹੀਂ ਖਰੀਦ ਸਕਦੇ, ਉਹਨਾਂ ਰਾਜਾਂ ਦੇ ਲੋਕਾਂ ਉੱਤੇ ਅਕਾਲੀ ਦਲ ਪੰਜਾਬ ਵਿੱਚ ਜਮੀਨ ਖਰੀਦਣ ਤੇ ਪਾਬੰਦੀਆਂ ਲਗਾਏਗਾ ਅਤੇ 2011 ਦੀ ਮੱਤਗਣਨਾ ਤੋਂ ਬਾਅਦ ਪੰਜਾਬ ਵਿੱਚ ਆਏ ਪ੍ਰਵਾਸੀਆਂ ਨੂੰ ਵੋਟਾਂ ਅਤੇ ਆਧਾਰ ਕਾਰਡ ਬਣਾਉਣ ਦੇ ਅਧਿਕਾਰ ਨਹੀਂ ਦੇਵੇਗਾ। ਪੰਜਾਬ ਵਿੱਚ ਹਰ ਕਿਸਮ ਦੇ ਕਾਰੋਬਾਰ ਅਤੇ ਨੌਕਰੀਆਂ ਵਿੱਚ ਪੰਜਾਬ ਦੇ ਨੌਜਵਾਨਾਂ ਅਤੇ ਪੰਜਾਬ ਦੇ ਕਾਰੀਗਰਾਂ ਨੂੰ ਹੀ ਰੋਜ਼ਗਾਰ ਮੁਹੱਈਆ ਕਰਾਉਣ ਲਈ ਅਤੇ ਰੋਜ਼ਗਾਰ ਦੀ ਮਜ਼ਬੂਰੀ ਵੱਸ ਹੋ ਰਹੇ ਪੰਜਾਬੀ ਨੌਜਵਾਨਾਂ ਦੇ ਪ੍ਰਵਾਸ ਨੂੰ ਰੋਕਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ ਤਾਂ ਜੋ ਬੇਰੁਜ਼ਗਾਰੀ ਨੂੰ ਠੱਲ ਪਾਈ ਜਾ ਸਕੇ।

7. ਰਾਜਸਥਾਨ ਤੋਂ ਨਹਿਰੀ ਪਾਣੀ ਦੀ **ਰੋਇਲਟੀ** ਵਸੂਲ ਕਰਨ ਲਈ ਅਕਾਲੀ ਦਲ ਵਚਨਬੱਧ ਹੈ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

8. ਪੰਜਾਬ ਵਿੱਚ ਪੰਜਾਬੀ ਮੂਲ ਦੇ ਅਫਸਰ ਤਾਇਨਾਤ ਹੋਣੇ ਚਾਹੀਦੇ ਹਨ ਤਾਂ ਜੋ ਆਮ ਲੋਕਾਂ ਦੀਆਂ ਮੁਸ਼ਕਿਲਾਂ ਸਮਝਣ ਅਤੇ ਹੱਲ ਕਰਨ ਵਿੱਚ ਆਸਾਨੀ ਹੋ ਸਕੇ।
9. ਪੰਜਾਬ ਵਿੱਚ ਆਪਸੀ ਭਾਈਚਾਰਾ, ਸ਼ਾਂਤੀ ਅਤੇ ਭੈ ਰਹਿਤ ਜੀਵਨ ਨੂੰ ਕਾਇਮ ਰੱਖਣ ਲਈ ਅਤੇ ਪੁਲਿਸ ਵਧੀਕੀਆਂ ਨੂੰ ਰੋਕਣ ਲਈ ਅਕਾਲੀ ਦਲ ਵਚਨਬੱਧ ਹੈ ਤਾਂ ਜੋ ਕੋਈ ਅਫਸਰ ਵਧੀਕੀਆਂ ਨਾ ਕਰ ਸਕਣ। ਪਿਛਲੇ ਸਮੇਂ ਦੌਰਾਨ ਪੰਜਾਬ ਵਿੱਚ ਵੱਡੇ ਪੱਧਰ ਤੇ ਪੁਲੀਸ ਵਧੀਕੀਆਂ ਸਾਹਮਣੇ ਆਈਆਂ ਹਨ। ਇਹਨਾਂ ਵਧੀਕੀਆਂ ਲਈ ਅਤੇ ਜ਼ਿੰਮੇਵਾਰ ਅਫਸਰਾਂ ਦੀ ਜ਼ਿੰਮੇਵਾਰੀ ਤਹਿ ਕਰਨ ਲਈ ਅਤੇ ਪੀੜਤ ਪਰਿਵਾਰਾਂ ਨੂੰ ਇਨਸਾਫ ਦਿਵਾਉਣ ਲਈ ਇੱਕ ਜਸਟਿਸ ਕਮੀਸ਼ਨ ਬਣਾਇਆ ਜਾਵੇਗਾ।
10. ਦੇਸ਼ ਅਤੇ ਵਿਦੇਸ਼ਾਂ ਵਿੱਚ ਵਸਦੇ ਸਿੱਖ ਅਤੇ ਪੰਜਾਬੀਆਂ ਦੇ ਹੱਕਾਂ ਦੀ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਮੁੱਢ ਤੋਂ ਰਾਖੀ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ।
11. ਪੰਜਾਬ ਦੀ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ, ਖਾਲਸਾ ਕਾਲਜ ਅੰਮ੍ਰਿਤਸਰ ਅਤੇ ਹੋਰ ਉਚੇਰੀ ਵਿੱਦਿਆ ਦੀਆਂ ਸੰਸਥਾਵਾਂ ਵਿੱਚ ਬੀ.ਐਸ.ਸੀ. ਅਤੇ ਐਮ.ਐਸ.ਸੀ. ਐਗਰੀਕਲਚਰ ਦੇ ਕੋਰਸ ਕਰਵਾਏ ਜਾਂਦੇ ਹਨ, ਜਿਹਨਾਂ ਵਿੱਚ ਪੇਂਡੂ ਖੇਤਰ ਅਤੇ ਖੇਤੀ ਨਾਲ ਸੰਬੰਧਿਤ ਨੌਜਵਾਨਾਂ ਨੂੰ ਦਾਖਲੇ ਬਹੁਤ ਘੱਟ ਮਿਲਦੇ ਹਨ। ਜਦੋਂ ਕਿ ਪੰਜਾਬ ਤੋਂ ਬਾਹਰ ਦੇ ਵਿਦਿਆਰਥੀ ਇਹਨਾਂ ਕੋਰਸਾਂ ਵਿੱਚ ਦਾਖਲੇ ਲੈ ਲੈਂਦੇ ਹਨ। ਜਿਨਾਂ ਨਾਲ ਪੇਂਡੂ ਖੇਤਰ ਦੇ ਵਿਦਿਆਰਥੀ ਇਹਨਾਂ ਕੋਰਸਾਂ ਵਿੱਚ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ। ਸ਼੍ਰੋਮਣੀ ਅਕਾਲੀ ਦਲ ਪੇਂਡੂ ਖੇਤਰ ਨਾਲ ਜੁੜੇ ਹੋਏ ਪਰਿਵਾਰਾਂ ਦੇ ਬੱਚਿਆਂ ਲਈ ਖੇਤੀ ਨਾਲ ਸਬੰਧਿਤ ਉਚੇਰੀ ਵਿਦਿਆ ਦੀ ਪੜ੍ਹਾਈ ਬੀ.ਐਸ.ਸੀ/ ਐਮ.ਐਸ.ਸੀ. ਕੋਰਸਾਂ ਵਿੱਚ ਇਹਨਾਂ ਵਿਦਿਆਰਥੀਆਂ ਲਈ ਸੀਟਾਂ ਨਿਸ਼ਚਿਤ ਕਰੇਗਾ।
12. ਪੰਜਾਬ ਅਤੇ ਪੰਜਾਬ ਤੋਂ ਬਾਹਰ ਦੇਸ਼ ਦੇ ਦੂਜੇ ਪ੍ਰਾਂਤਾਂ ਵਿੱਚ ਸਿੱਖ ਭਾਈਚਾਰੇ ਦੀ ਆਬਾਦੀ ਲਗਾਤਾਰ ਘੱਟ ਰਹੀ ਹੈ ਜੋ ਕਿ ਸਾਡੇ ਸਾਰਿਆਂ ਲਈ ਚਿੰਤਾ ਦਾ ਅਹਿਮ ਵਿਸ਼ਾ ਹੈ। ਸ਼੍ਰੋਮਣੀ ਅਕਾਲੀ ਦਲ ਇਸ ਸਮੱਸਿਆ ਬਾਰੇ ਗੰਭੀਰ ਚਿੰਤਨ ਕਰੇਗਾ ਅਤੇ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖ ਭਾਈਚਾਰੇ ਦੇ ਪ੍ਰਮੁੱਖ ਨੇਤਾਵਾਂ ਅਤੇ ਸੰਸਥਾਵਾਂ ਦੀ ਰਾਏ ਲਵੇਗਾ। ਅਕਾਲੀ ਦਲ ਇਸ ਸਮਾਜਿਕ ਅਤੇ ਭਾਈਚਾਰਕ ਸੰਕਟ ਦਾ ਹੱਲ ਲੱਭਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।
13. ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਹੋਰ ਦੇਸ਼ਾਂ ਵਿੱਚ ਪੰਜਾਬ ਤੋਂ ਗਏ ਬੱਚਿਆਂ ਨੂੰ ਸਹੀ ਮਾਰਗ ਦਰਸ਼ਨ ਕਰਨ ਲਈ ਵਿਦੇਸ਼ ਮੰਤਰਾਲਿਆਂ ਨੂੰ **ਸਲਾਹਕਾਰ/ ਗਾਈਡ ਨਿਯੁਕਤ** ਕਰਲ ਲਈ ਬੇਨਤੀ ਕੀਤੀ ਜਾਵੇਗੀ।
14. ਪੰਜਾਬ ਦੇ ਨੌਜਵਾਨਾਂ ਨੂੰ ਪੰਜਾਬ ਅਤੇ ਕੇਂਦਰ ਦੀਆਂ ਸੇਵਾਵਾਂ ਵਿੱਚ ਵੱਧ ਤੋਂ ਵੱਧ ਅਤੇ ਪ੍ਰਾਈਵੇਟ ਸੈਕਟਰ ਵਿੱਚ ਰੋਜ਼ਗਾਰ ਦਵਾਉਣਾ ਅਕਾਲੀ ਦਲ ਦਾ ਮੁੱਖ ਮੁੱਦਾ ਹੋਵੇਗਾ।
15. ਪੰਜਾਬ ਦੇ **ਬਾਰਡਰ ਅਤੇ ਕੰਢੀ ਖੇਤਰਾਂ** ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਮੁੱਖ ਰੱਖਦੇ

# ਐਲਾਨ-ਨਾਮਾ

## ਅਕਾਲੀ ਅਲਾਨ ਨਾਮਾ-2026

ਹੋਏ ਇਹਨਾਂ ਖੇਤਰਾਂ ਦਾ ਹਰ ਪੱਖੋਂ ਵਿਕਾਸ ਕਰਨ ਲਈ ਅਤੇ ਸਮੱਸਿਆਵਾਂ ਦਾ ਹੱਲ ਕਰਾਉਣ ਲਈ ਅਕਾਲੀ ਦਲ ਹਰ ਚਾਰਾਜੋਈ ਕਰੇਗਾ।

16. ਅਕਾਲੀ ਦਲ ਆਮ ਲੋਕਾਂ ਦੀਆਂ ਸਹੂਲਤਾਂ ਵਾਸਤੇ ਜਿਲ੍ਹਾ ਪੱਧਰ ਤੇ **ਸ਼ਿਕਾਇਤ ਨਿਵਾਰਨ ਕਮਿਸ਼ਨ** ਦੀ ਸਥਾਪਨਾ ਕਰੇਗਾ ਤਾਂ ਜੋ ਕਮਜ਼ੋਰ ਲੋਕਾਂ ਦੇ ਮਸਲੇ ਜਿਲ੍ਹਾ ਪੱਧਰ ਤੇ ਹੱਲ ਹੋ ਸਕਣ।
17. ਸੇਵਾ ਦਾ ਮੌਕਾ ਮਿਲਦੇ ਹੀ ਅਕਾਲੀ ਦਲ ਪੰਜਾਬ ਵਿੱਚ ਲੋਕਾਂ ਦੀ ਵਸੋਂ ਅਤੇ ਮੌਜੂਦਾ ਸਹੂਲਤਾਂ ਨੂੰ ਮੁੱਖ ਰੱਖਦੇ ਹੋਏ **ਸਰਕਾਰੀ ਕਲਸਟਰ** ਸਥਾਪਿਤ ਕਰੇਗਾ, ਜਿਹਨਾਂ ਵਿੱਚ ਘੱਟੋ ਘੱਟ ਬਾਰਵੀਂ ਤੱਕ ਦੇ ਸਕੂਲ, ਮੈਡੀਕਲ ਸਹੂਲਤਾਂ, ਬੈਂਕ, ਐਨੀਮਲ ਹਸਬੈਂਡਰੀ ਹਸਪਤਾਲ, ਅਤੇ ਹੋਰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ।
18. ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਲੋਕਾਂ ਨੂੰ ਜਮੀਨਾਂ, ਪਲਾਟਾਂ, ਘਰਾਂ ਅਤੇ ਹੋਰ ਜਾਇਦਾਦਾਂ ਟਰਾਂਸਫਰ ਕਰਵਾਉਣ ਤਕਸੀਮ ਅਤੇ ਇੰਤਕਾਲ ਕਰਾਉਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਕਾਲੀ ਦਲ ਇਹਨਾਂ ਕਾਰਜਾਂ ਦੇ ਸਰਲੀਕਰਨ ਕਰਨ ਲਈ Urban ਅਤੇ Rural Land Reforms ਕਰਵਾਏਗਾ। ਇਸੇ ਤਰ੍ਹਾਂ ਪਿੰਡਾਂ ਵਿੱਚ ਪੰਚਾਇਤੀ ਜਮੀਨਾਂ ਅਤੇ ਸ਼ਹਿਰਾਂ ਵਿੱਚ ਪਬਲਿਕ ਲੈਂਡ ਤੇ ਬਹੁਤ ਲੰਮੇ ਸਮੇਂ ਤੋਂ ਅਨੁਸੂਚਿਤ ਜਾਤੀਆਂ, ਪਿਛੜੀਆਂ ਜਾਤੀਆਂ ਅਤੇ ਕਮਜ਼ੋਰ ਵਰਗਾਂ ਨੇ ਘਰ ਬਣਾਏ ਹੋਏ ਹਨ। ਅਕਾਲੀ ਦਲ ਅਜਿਹੇ ਲੋਕਾਂ ਨੂੰ ਮਾਲਕੀ ਹੱਕ ਦਵਾਏਗਾ ਅਤੇ ਪਿੰਡਾਂ ਵਿੱਚ ਜੋ ਕਿਸਾਨ ਦਹਾਕਿਆਂ ਬੱਧੀ ਜ਼ਮੀਨ ਤੇ ਕਾਬਜ ਹਨ ਨੂੰ ਵੀ ਮਾਲਕੀ ਹੱਕ ਦਿੱਤੇ ਜਾਣਗੇ।
19. ਭਾਰਤ ਦੇ ਕੁਝ ਰਾਜਾਂ ਜਿਵੇਂ ਕਿ ਹਿਮਾਚਲ ਪ੍ਰਦੇਸ਼ ਅਤੇ ਕੇਰਲਾ ਵਿੱਚ ਪੰਚਾਇਤਾਂ ਨੂੰ ਵਧੇਰੇ ਅਤੇ ਉੱਚੇਚੇ ਅਧਿਕਾਰ ਦਿੱਤੇ ਗਏ ਹਨ। ਪੰਚਾਇਤੀ ਰਾਜ ਵਿਭਾਗ ਅਧੀਨ ਇਹਨਾਂ ਰਾਜਾਂ ਵਿੱਚ Local Planning Infrastructure Development ਅਤੇ ਹੋਰ ਕਾਰਜਾਂ ਲਈ ਪੰਚਾਇਤਾਂ ਕੋਲ ਅਧਿਕਾਰ ਹਨ। ਅਕਾਲੀ ਦਲ ਇਹਨਾਂ ਰਾਜਾਂ ਦੀ ਤਰਜ ਤੇ ਪੰਚਾਇਤਾਂ ਨੂੰ ਵੱਧ ਅਧਿਕਾਰ ਦੇਵੇਗਾ।
20. ਪੰਜਾਬ ਰਾਜ ਵਿੱਚ ਹਜ਼ਾਰਾਂ ਏਕੜ ਜਮੀਨ **Nazool Land** ਹੈ ਜਿਸਦੀ ਮਾਲਕੀ ਪੰਜਾਬ ਸਰਕਾਰ ਦੇ ਨਾਮ ਪੁਰ ਦਰਜ ਹੈ। ਜਦੋਂ ਕਿਸੇ ਵਿਅਕਤੀ ਦਾ ਵਾਰਸ ਨਾਂ ਹੋਵੇ ਤਾਂ ਉਸਦੀ ਮੌਤ ਤੋਂ ਬਾਅਦ ਉਸਦੀ ਜ਼ਮੀਨ **Nazool** ਘੋਸ਼ਿਤ ਕਰ ਦਿੱਤੀ ਜਾਂਦੀ ਹੈ। ਅਕਾਲੀ ਦਲ ਪੰਜਾਬ ਦੇ ਐਸ.ਸੀ., ਬੀ.ਸੀ. ਪਰਿਵਾਰਾਂ ਨੂੰ ਉਹਨਾਂ ਦਾ ਜੀਵਨ ਪੱਧਰ ਬਿਹਤਰ ਬਣਾਉਣ ਲਈ **Nazool Land** ਟਰਾਂਸਫਰ ਰੂਲਜ਼ 1956 ਵਿੱਚ ਸੋਧ ਕਰਕੇ ਪੋਲੀਸੀ ਨਿਸ਼ਚਿਤ ਕਰੇਗਾ ਤਾਂ ਜੋ ਐਸ.ਸੀ./ਬੀ.ਸੀ. ਅਤੇ ਹੋਰ ਆਰਥਿਕ ਤੌਰ ਤੇ ਪੱਛੜੇ ਹੋਏ ਪਰਿਵਾਰਾਂ ਨੂੰ ਨਿਯਮਾਂ ਮੁਤਾਬਕ **Nazool Land** ਅਲੌਟ ਕੀਤੀ ਜਾ ਸਕੇ।
21. ਗੁਰੂ ਸਾਹਿਬਾਨਾ ਨੇ ਮਨੁੱਖੀ ਅਧਿਕਾਰਾਂ ਲਈ ਸ਼ਹੀਦੀਆਂ ਦਿੱਤੀਆਂ ਹਨ। ਅਕਾਲੀ ਦਲ ਮਨੁੱਖੀ ਅਧਿਕਾਰਾਂ ਦੇ ਸਬੰਧ ਵਿੱਚ **"ਹਿਊਮਨ ਰਾਈਟਸ ਕਮਿਸ਼ਨ"** ਨੂੰ ਹੋਰ ਮਜ਼ਬੂਤ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਅਤੇ ਸ਼ਕਤੀਸ਼ਾਲੀ ਬਣਾਉਣ ਲਈ ਵਚਨਬੱਧ ਹੈ।

22. ਕਿਸੇ ਵੀ ਦੇਸ਼ ਜਾਂ ਪ੍ਰਾਂਤ ਦੇ ਸਰਕਾਰੀ ਪ੍ਰਬੰਧਾਂ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਰਾਜਨੀਤਿਕ ਨੇਤਾਵਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਅਹਿਮ ਯੋਗਦਾਨ ਹੁੰਦਾ ਹੈ। ਇਸ ਸਬੰਧੀ ਸਮੇਂ ਸਮੇਂ ਸਿਰ ਆਰਥਿਕ ਅਤੇ ਪ੍ਰਸ਼ਾਸਨਿਕ ਮਾਪਦੰਡ ਨਿਸ਼ਚਿਤ ਕੀਤੇ ਜਾਂਦੇ ਹਨ। ਪਿਛਲੇ ੪-੫ ਦਹਾਕਿਆਂ ਤੋਂ ਇਹਨਾਂ ਮਾਪਦੰਡਾਂ ਵਿੱਚ ਸੁਧਾਰ ਲਿਆਉਣ ਲਈ ਕੋਈ ਉਪਰਾਲੇ ਨਹੀਂ ਕੀਤੇ ਗਏ। ਸ਼੍ਰੋਮਣੀ ਅਕਾਲੀ ਦਲ Modern Technology ਅਤੇ ਪ੍ਰਬੰਧਕੀ ਸੁਧਾਰਾਂ ਦੀ ਰੌਸ਼ਨੀ ਵਿੱਚ ਮਾਪਦੰਡਾਂ ਨੂੰ ਸਟਰੀਮਲਾਈਨ ਕਰਨ ਲਈ ਯੋਗ ਕਾਰਜ ਕਰੇਗਾ।

23. ਟੀ.ਵੀ ਚੈਨਲਾਂ ਅਤੇ ਅਖਬਾਰਾਂ ਦੇ ਪੱਤਰਕਾਰਾਂ ਨੂੰ ਪੰਜਾਬ ਵਿੱਚ ਸਮੇਂ-ਸਮੇਂ ਸਿਰ ਆਪਣਾ ਕਾਰਜ ਨਿਭਾਉਣ ਸਮੇਂ ਦੁਸ਼ਵਾਰੀਆਂ ਅਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਵਾਰੀ ਸਮੇਂ ਦੀ ਸਰਕਾਰ ਉਨ੍ਹਾਂ ਨੂੰ ਦਬਾਅ ਪਾ ਕੇ ਨਿਰਪੱਖਤਾ ਨਾਲ ਆਪਣੇ ਕਾਰਜ ਨਹੀਂ ਕਰਨ ਦਿੰਦੀ। ਸ਼੍ਰੋਮਣੀ ਅਕਾਲੀ ਦਲ ਪੱਤਰਕਾਰ ਭਾਈਚਾਰੇ ਦੀਆਂ ਸਮੱਸਿਆਵਾਂ ਅਤੇ ਹੋਰ ਮੁਸ਼ਕਿਲਾਂ ਨੂੰ ਹੱਲ ਕਰਨ ਲਈ ਵਚਨਵੱਧ ਹੈ ਅਤੇ ਉਹ ਪੰਜਾਬ ਵਿੱਚ ਅਜਿਹਾ ਮਾਹੌਲ ਸਿਰਜੇਗਾ, ਜਿਸ ਵਿੱਚ ਉਹ ਆਪਣਾ ਪ੍ਰੋਫੈਸ਼ਨਲ ਕਾਰਜ ਇਮਾਨਦਾਰੀ ਅਤੇ ਨਿਰਪੱਖਤਾ ਨਾਲ ਨਿਭਾ ਸਕਣ।

24. ਅਕਾਲੀ ਦਲ **ਸਹਿਕਾਰਤਾ ਲਹਿਰ** ਨੂੰ **ਮਾਈਕਰੋ ਲੈਵਲ** ਤੋਂ ਉਤਾਂਹ ਤੱਕ ਮਜਬੂਤ ਕਰੇਗਾ। ਇਸ ਸਬੰਧੀ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਕੇ ਔਰਤਾਂ ਨੂੰ ਆਪਣੇ ਹੁਨਰ ਦੀ ਤਰਾਸ਼ੀ ਲਈ ਯੋਗ ਟ੍ਰੇਨਿੰਗ ਸੰਸਥਾਵਾਂ ਸਥਾਪਿਤ ਕਰੇਗਾ ਤਾਂ ਜੋ ਉਹ ਛੋਟੇ-ਵੱਡੇ ਕਾਰੋਬਾਰ ਸ਼ੁਰੂ ਕਰ ਸਕਣ ਅਤੇ ਆਰਥਿਕ ਤੌਰ ਤੇ ਵਿਕਸਿਤ ਹੋ ਸਕਣ ਅਤੇ ਅਫਸਰਸ਼ਾਹੀ ਦੇ ਪ੍ਰਭਾਵ ਤੋਂ ਮੁਕਤ ਹੋ ਸਕਣ। ਅਕਾਲੀ ਦਲ ਇਹਨਾਂ ਕਾਰਜਾਂ ਲਈ ਸਰਲ ਕਰਜਾ ਸਿਸਟਮ ਅਪਣਾਏਗਾ ਅਤੇ ਲੋੜ ਅਨੁਸਾਰ ਸਬਸਿਡੀਆਂ ਵੀ ਦੇਵੇਗਾ। ਅਕਾਲੀ ਦਲ ਇਹਨਾਂ ਸੰਸਥਾਵਾਂ ਦੀਆਂ ਚੋਣਾਂ ਨੂੰ ਯਕੀਨੀ ਬਣਾਏਗਾ ਤਾਂ ਜੋ ਇਹਨਾਂ ਸੰਸਥਾਵਾਂ ਕੋਲ ਕਾਨੂੰਨੀ ਤਾਕਤ ਰਹੇ। ਅਕਾਲੀ ਦਲ ਸਹਿਕਾਰੀ ਸੁਸਾਇਟੀਆਂ ਰਾਹੀਂ ਕਿਸਾਨਾਂ ਨੂੰ ਬੀਜ ਅਤੇ ਖੇਤੀਬਾੜੀ ਦੇ ਸੰਦ/ਸਮਾਨ ਮੁਹੱਈਆ ਕਰਵਾਏਗਾ ਅਤੇ ਸਹਿਕਾਰਤਾ ਨੂੰ ਹੋਰ ਮਜ਼ਬੂਤ ਕਰਨ ਲਈ ਉਪਰਾਲੇ ਕਰੇਗਾ। ਸਹਿਕਾਰਤਾ ਚੋਣਾਂ ਨੂੰ ਅਫਸਰਸ਼ਾਹੀ ਦੇ ਪ੍ਰਭਾਵ ਤੋਂ ਮੁਕਤ ਕਰਵਾਕੇ ਸਮੇਂ ਸਿਰ ਚੋਣਾਂ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

25. ਪੰਜਾਬ ਗੁਰੂਆਂ, ਪੀਰਾਂ ਅਤੇ ਮਹਾਨ ਸੂਰਬੀਰਾਂ ਦੀ ਧਰਤੀ ਹੈ। ਇੱਥੇ ਵਿਲੱਖਣ ਇਤਿਹਾਸ ਸਿਰਜੇ ਗਏ। ਪੰਜਾਬ ਵਿੱਚ ਧਾਰਮਿਕ, ਸੱਭਿਆਚਾਰਕ ਅਤੇ ਵਿਰਾਸਤ ਨਾਲ ਜੁੜੇ ਇਤਿਹਾਸਿਕ ਸਥਾਨਾਂ ਨੂੰ Tourism ਦੇ ਤੌਰ ਤੇ ਵਿਕਸਿਤ ਕਰਨ ਅਤੇ ਪੰਜਾਬ ਵਿੱਚ Tourism ਨੂੰ ਵਧਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ ਤਾਂ ਜੋ ਇਤਿਹਾਸਿਕ ਸਥਾਨਾਂ ਪ੍ਰਤੀ ਦੇਸ਼ ਵਿਦੇਸ਼ ਚ ਵਸਦੇ ਲੋਕਾਂ ਨੂੰ ਵਢਮੁੱਲੇ ਇਤਿਹਾਸ ਤੋਂ ਜਾਣੂ ਕਰਵਾਇਆ ਜਾ ਸਕੇ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

26. ਵਿੱਦਿਆ ਅਤੇ ਸਿਹਤ ਕਿਸੇ ਵੀ ਸਮਾਜ ਦੀ ਤਰੱਕੀ ਅਤੇ ਸਲਾਮਤੀ ਲਈ ਅਹਿਮ ਪਹਿਲੂ ਹਨ। ਪੰਜਾਬ ਦੇ ਪ੍ਰਾਈਵੇਟ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਤੋਂ ਜਿਆਦਾ ਫੀਸਾਂ ਤੇ ਫੰਡ ਵਸੂਲ ਕੀਤੇ ਜਾਂਦੇ ਹਨ, ਜਿਸ ਕਾਰਨ ਗਰੀਬ ਅਤੇ ਮੱਧ ਵਰਗ ਪਰਿਵਾਰ ਦੇ ਨੌਜਵਾਨ

ਉਚੇਰੀ ਵਿਦਿਆ ਪ੍ਰਾਪਤ ਨਹੀਂ ਕਰ ਸਕਦੇ। ਇਸੇ ਤਰ੍ਹਾਂ ਪੰਜਾਬ ਦੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਬਹੁਤ ਮਹਿੰਗਾ ਹੈ। ਬਹੁਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਲਈ ਜ਼ਿਆਦਾ ਤੋਂ ਜ਼ਿਆਦਾ

ਬਿਲ ਲਏ ਜਾਂਦੇ ਹਨ। ਅਕਾਲੀ ਦਲ ਵਿੱਦਿਆ ਅਤੇ ਸਿਹਤ ਦੇ ਖੇਤਰ ਲਈ ਅਲੱਗ ਅਲੱਗ **ਰੈਗੂਲੇਟਰੀ ਕਮਿਸ਼ਨ** ਸਥਾਪਿਤ ਕਰੇਗਾ ਤਾਂ ਜੋ ਵਿਦਿਆ ਅਤੇ ਸਿਹਤ ਦੇ ਖਰਚਿਆਂ ਵਿੱਚ ਇੱਕਸਾਰਤਾ ਅਤੇ ਸੁਧਾਰ ਲਿਆਂਦਾ ਜਾਵੇ ਅਤੇ ਗਰੀਬ ਅਤੇ ਮੱਧਵਰਗ ਦੇ ਲੋਕ ਉਚੇਰੀ ਵਿਦਿਆ ਤੇ ਸਿਹਤ ਸਹੂਲਤਾਂ ਤੋਂ ਵਾਂਝੇ ਨਾ ਰਹਿਣ।

## ਆਰਥਿਕ ਦ੍ਰਿਸ਼ਟੀਕੋਣ (Vision)

ਅਕਾਲੀ ਦਲ ਵੱਲੋਂ ਇੱਕ ਕਨਵੈਂਸ਼ਨ ਵਿੱਚ ਪੰਜਾਬ ਦੇ ਹਰ ਵਰਗ ਲਈ ਆਰਥਿਕ, ਖੁਸ਼ਹਾਲੀ, ਰੋਜ਼ਗਾਰ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਲਈ ਕੁੱਝ ਦਹਾਕੇ ਪਹਿਲਾਂ **ਅਨੰਦਪੁਰ ਸਾਹਿਬ ਦਾ ਮਤਾ** ਅਪਣਾਇਆ ਗਿਆ ਸੀ:-

**"ਸ਼੍ਰੋਮਣੀ ਅਕਾਲੀ ਦਲ ਦਾ ਮਨੋਰਥ ਸਭ ਲਈ ਰੁਜ਼ਗਾਰ, ਸਭ ਲਈ ਭੋਜਨ, ਕੱਪੜਾ, ਰਹਿਣ ਲਈ ਮਕਾਨ, ਢੁੱਕਵੀਂ ਆਵਾਜਾਈ ਅਤੇ ਸਭਿਅਕ ਜੀਵਨ ਦੀਆਂ ਇਨ੍ਹਾਂ ਸਾਰੀਆਂ ਲੋੜਾਂ ਦੀ ਪੂਰਤੀ ਲਈ ਸਾਧਨ ਪੈਦਾ ਕਰਨਾ ਹੈ, ਜਿਸ ਤੋਂ ਬਿਨਾਂ ਜੀਵਨ ਅਧੂਰਾ ਹੈ।"**

ਕੇਂਦਰ ਸਰਕਾਰ ਦੀ ਨੀਤੀ ਅਯੋਗ 2025 ਦੀ ਰਿਪੋਰਟ ਮੁਤਾਬਿਕ ਪੰਜਾਬ ਆਰਥਿਕ ਪੱਖੋਂ ੧੮ ਮੁੱਖ ਰਾਜਾਂ ਵਿੱਚੋਂ ਸਭ ਤੋਂ ਹੇਠਾਂ ਭਾਵ ੧੮ਵੇਂ ਸਥਾਨ ਉੱਪਰ ਹੈ। ਇਹ economy ਦੇ ਆਈ.ਸੀ.ਯੂ. ਵਿੱਚ ਹੈ। ਸਾਲ ੧੯੮੦-੮੧ ਵਿੱਚ ਪੰਜਾਬ ਸਰਕਾਰ ਸਿਰ ਕਰਜਾ ਕੇਵਲ ੧੦੦੯ ਕਰੋੜ ਰੁਪਏ ਸੀ ਜੋ ਕਿ 2024-25 ਵਿੱਚ ੩,੮੨,੯੩੫/- ਕਰੋੜ ਰੁਪਏ ਹੋ ਗਿਆ। ਜੇਕਰ ਸਿਲਸਿਲਾ ਇੰਝ ਹੀ ਚਲਦਾ ਰਿਹਾ ਤਾਂ ਮਾਰਚ 2027 ਤੱਕ ਤਾਂ ਪੰਜਾਬ ਸਰਕਾਰ ਸਿਰ ਕਰਜ਼ਾ **ਸਾਢੇ ਚਾਰ ਲੱਖ ਕਰੋੜ ਰੁਪਏ** ਤੋਂ ਵੀ ਵੱਧ ਜਾਵੇਗਾ। ਦੂਜੇ ਸ਼ਬਦਾਂ ਵਿੱਚ ਮਾਰਚ 2027 ਤੱਕ ਤਾਂ ਪੰਜਾਬ ਦੇ ਹਰ ਵਿਅਕਤੀ ਸਿਰ ਤਕਰੀਬਨ **ਡੇਢ ਲੱਖ ਰੁਪਏ** ਤੋਂ ਵੀ ਜ਼ਿਆਦਾ **ਸਰਕਾਰੀ ਕਰਜ਼ਾ** ਚੜ੍ਹ ਜਾਵੇਗਾ। ਅਜਿਹੇ ਹਾਲਾਤ ਰਹੇ ਤਾਂ ਪੰਜਾਬ ਸਰਕਾਰ ਦਾ **ਦਿਵਾਲੀਆਪਨ** ਹੋਣਾ ਨਿਸ਼ਚਿਤ ਹੋਵੇਗਾ ਅਤੇ ਪੰਜਾਬ ਵਿੱਚ **ਵਿੱਤੀ ਐਮਰਜੈਂਸੀ** ਲਾਉਣ ਦੀ ਨੌਬਤ ਆ ਸਕਦੀ ਹੈ। ਅਕਾਲੀ ਦਲ ਪੰਜਾਬ ਨੂੰ ਆਰਥਿਕ ਸੰਕਟ ਵਿੱਚੋਂ ਕੱਢਣ ਲਈ ਸਖਤ ਤੋਂ ਸਖਤ ਆਰਥਿਕ ਨੀਤੀ ਤਹਿ ਕਰੇਗਾ।

# ਐਲਾਨ-ਨਾਮਾ

ਅਕਾਲੀ ਐਲਾਨ ਨਾਮਾ-2026

## ਖੇਤੀ, ਉਦਯੋਗ, ਵਪਾਰ ਅਤੇ ਸਹਾਇਕ ਧੰਦੇ

I. ਪੰਜਾਬ ਵਿੱਚ ਇਸ ਵੇਲੇ ਅੰਦਾਜ਼ਨ ਇੱਕ ਕਰੋੜ 10 ਲੱਖ ਦੇ ਕਰੀਬ ਕਾਮੇ (ਭਾਵ 15 ਤੋਂ 6੦ ਸਾਲ ਦੀ ਉਮਰ ਦੇ) ਹਨ। ਇਨ੍ਹਾਂ ਵਿੱਚੋਂ ਤਕਰੀਬਨ 20 ਕੁ ਲੱਖ ਵਾਹੀਕਾਰ (ਭਾਵ ਕਿਸਾਨੀ) ਅਤੇ ਡੇਅਰੀ ਆਦਿ ਦਾ ਕਿੱਤਾ ਕਰਦੇ ਹਨ ਅਤੇ 17 ਕੁ ਲੱਖ ਖੇਤ-ਮਜ਼ਦੂਰ ਜਾਂ ਖੇਤੀ ਨਾਲ ਜੁੜੇ ਸਹਾਇਕ ਧੰਦਿਆਂ ਵਿੱਚ ਲੱਗੇ ਹੋਏ ਹਨ।

II. ਪੰਜਾਬ ਖੇਤੀ ਖੇਤਰ ਵਿੱਚ ਸਭ ਤੋਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਲਾਗਤਾਂ ਵਿਚ ਤੇਜ਼ੀ ਨਾਲ ਵਾਧਾ ਅਤੇ ਫਸਲਾ ਦੇ ਸਹੀ ਭਾਅ ਨਾ ਮਿਲਣ ਕਾਰਨ ਕਿਸਾਨੀ ਸਿਰ ਕਰਜੇ ਦਾ ਬੋਝ ਵਧਦਾ ਹੀ ਜਾ ਰਿਹਾ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਪੰਜਾਬ ਦੇ ਕਿਸਾਨਾਂ ਸਿਰ ਬੈਂਕਾਂ ਅਤੇ ਸੁਸਾਇਟੀਆਂ ਦਾ ਕਰਜ਼ਾ ੧,੦੪,੦੬੪/- ਕਰੋੜ ਰੁਪਏ ਹੈ। **ਪਿਛਲੇ 25 ਸਾਲਾਂ ਵਿੱਚ 20 ਤੋਂ 22 ਹਜਾਰ ਦੇ ਕਰੀਬ** ਕਿਸਾਨ ਅਤੇ ਖੇਤ ਮਜ਼ਦੂਰ ਆਤਮ ਹੱਤਿਆਵਾਂ ਕਰ ਚੁੱਕੇ ਹਨ। ਦੁੱਖ ਦੀ ਗੱਲ ਹੈ ਕਿ **"ਪੰਜਾਬ ਅਜੇ ਤੱਕ ਕੋਈ ਖੇਤੀ ਨੀਤੀ ਨਹੀਂ ਬਣਾ ਸਕਿਆ"**। ਅਕਾਲੀ ਦਲ ਵੱਲੋਂ ਇੱਕ ਕਮੇਟੀ ਗਠਿਤ ਕੀਤੀ ਜਾਵੇਗੀ ਜੋ ਕਿ ਮਾਹਰਾਂ ਦੀ ਰਾਏ ਲੈ ਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜੇ ਤੋਂ ਕੱਢਣ ਲਈ ਠੋਸ ਨੀਤੀ ਤਿਆਰ ਕਰੇਗੀ। ਅਕਾਲੀ ਦਲ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਕਰਜਿਆਂ ਤੋਂ ਰਾਹਤ ਦਵਾਉਣ ਲਈ ਵਚਨਬੱਧ ਹੈ।

III. ਗੜੇਮਾਰੀ , ਅਗਜਨੀ , ਹਾੜਾ ਜਾਂ ਹੋਰ ਕੁਦਰਤੀ ਆਫ਼ਤ ਨਾਲ ਹੁੰਦੇ ਫਸਲਾਂ ਦੇ ਨੁਕਸਾਨ ਦੀ ਭਰਪਾਈ ਲਈ ੧੦੦ ਪ੍ਰਤੀਸ਼ਤ ਮੁਆਵਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਮੁਆਵਜ਼ੇ ਦੀ ਵੰਡ ਵਿੱਚ ਹੁੰਦੀਆ ਬੇਨਿਯਮੀਆਂ ਨੂੰ ਧਿਆਨ ਵਿੱਚ ਰੱਖਦਿਆ ਮੁਆਵਜ਼ੇ ਦੀ ਰਾਸ਼ੀ ਸਿਰਫ਼ ਕਾਸ਼ਤ ਕਰ ਰਹੇ ਕਿਸਾਨ ਜਨੂੰ ਹੀ ਦਿੱਤੀ ਜਾਵੇਗੀ ਇਸ ਤੋ ਇਲਾਵਾ ਖੇਤ ਮਜ਼ਦੂਰ ਜਿਸਦੀ ਰੋਜ਼ੀ ਰੋਟੀ ਕਿਸਾਨ ਤੇ ਨਿਰਭਾਰ ਹੈ ਉਹਨਾਂ ਨੂੰ ਵੀ ਉਹਨਾਂ ਦੀ ਮਜ਼ਦੂਰੀ ਦੀ ਪੂਰਤੀ ਲਈ ਪੂਰਾ ਮੁਆਵਜ਼ਾ ਦੇਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਰਹੇਗਾ

IV. ਪੰਜਾਬ ਦੇ **ਉਦਯੋਗਿਕ ਖੇਤਰ** ਵਿੱਚ ਪਿਛਲੇ 15-੨੦ ਸਾਲਾਂ ਤੋਂ ਲ◌ੱਗਭਗ ਖੜੋਤ ਆ ਚੁੱਕੀ ਹੈ। ਪੰਜਾਬ ਵਿੱਚ ਤਕਰੀਬਨ 14.੫ ਲੱਖ ਲਗੁ (ਛੋਟੇ) ਉਦਯੋਗ ਹਨ, ਜਿਹਨਾਂ ਵਿੱਚ ਤਕਰੀਬਨ 25 ਲੱਖ ਕਿਰਤੀ ਰੁਜ਼ਗਾਰ ਪ੍ਰਾਪਤ ਕਰ ਰਹੇ ਹਨ। ਹੈਰਾਨੀ ਦੀ ਗੱਲ ਹੈ ਕਿ **"ਪੰਜਾਬ ਨੇ ਹੁਣ ਤੱਕ ਕੋਈ ਵੀ ਉਦੋਗਿਕ ਨੀਤੀ ਨਹੀਂ ਬਣਾਈ"**। **ਕੇਂਦਰ ਨੇ** ਵੀ ਅੱਜ ਤੱਕ ਪੰਜਾਬ ਵਿੱਚ ਕੋਈ ਵੀ **ਵੱਡੀ ਇੰਡਸਟਰੀ ਸਥਾਪਿਤ ਨਹੀਂ ਕੀਤੀ।** ਅਕਾਲੀ ਦਲ ਵਪਾਰੀਆਂ/ ਉਦਯੋਗਪਤੀਆਂ ਦੇ ਸਹਿਯੋਗ ਨਾਲ ਉਦਯੋਗਿਕ ਅਤੇ ਵਪਾਰਿਕ ਨੀਤੀਆਂ ਲੈ ਕੇ ਆਵੇਗਾ, ਜਿਸ ਲਈ ਇਹਨਾਂ ਵਰਗਾਂ ਦੇ ਹਿਤਾਂ ਦੀ ਪੂਰਤੀ ਲਈ ਇੱਕ ਵੱਖਰਾ ਬੋਰਡ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

V. ਪੰਜਾਬ ਦੀ ਸਮੁੱਚੀ ਆਮਦਨ ਵਿੱਚ ਸੇਵਾਵਾਂ ਦੇ ਖੇਤਰ ਦਾ ਹਿੱਸਾ ਲਗਭਗ 50 ਫੀਸਦੀ ਹੈ। ਜਦੋਂ ਕਿ ਪੰਜਾਬ ਦੀ ੪1 ਫੀਸਦੀ ਦੇ ਲਗਭਗ ਕਿਰਤੀ ਇਸ ਖੇਤਰ ਵਿੱਚ ਸੇਵਾ ਕਰ ਰਹੇ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਹਨ। ਸਿੱਖਿਆ, ਸਿਹਤ, ਵਪਾਰ, ਟਰਾਂਸਪੋਰਟ, ਬੈਂਕਿੰਗ, ਰੀਅਲ ਅਸਟੇਟ, ਲੋਕ ਪ੍ਰਸ਼ਾਸਨ ਅਤੇ ਕਾਨੂੰਨ ਵਿਵਸਥਾ ਇਸ ਸੈਕਟਰ ਦੇ ਮੁੱਖ ਹਿੱਸੇਦਾਰ ਹਨ।

VI. ਅਸੈਂਬਲੀ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਮੁਤਾਬਿਕ 2017-੧੮ ਵਿੱਚ ਪੰਜਾਬ ਵਿੱਚ ੧੪.੮ ਲੱਖ ਬੇਰੁਜ਼ਗਾਰ ਸਨ। ਇਹਨਾਂ ਵਿੱਚ ਪੜ੍ਹੇ ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਬਹੁਤ ਜਿਆਦਾ ਹੈ। ਹਰ ਸਾਲ ਤਕਰੀਬਨ ਦੋ ਲੱਖ ਬੇਰੁਜ਼ਗਾਰ ਨੌਜਵਾਨ ਹੋਰ ਇਸ ਗਿਣਤੀ ਵਿੱਚ ਜੁੜ ਜਾਂਦੇ ਹਨ। ਇਸ ਲਈ ਹੁਣ ਤਕਰੀਬਨ 22 ਤੋਂ 25 ਲੱਖ ਨੌਜਵਾਨ ਪੰਜਾਬ ਵਿੱਚ ਬੇਰੁਜ਼ਗਾਰ ਹਨ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਪੰਜਾਬ ਦੇ ਆਰਥਿਕ ਸੰਕਟ ਨੂੰ ਨਜਿੱਠਣ ਲਈ ਅਤੇ ਆਰਥਿਕਤਾ ਨੂੰ ਮੁੜ ਲੀਹ ਤੇ ਲਿਆਉਣ ਲਈ ਪੰਜਾਬ ਵਿੱਚ ਪੇਂਡੂ Economy ਵਿੱਚ ਭਾਰੀ ਤਬਦੀਲੀ ਲਿਆਉਣ ਦੀ ਲੋੜ ਹੈ। ਐਗਰੀਕਲਚਰ ਅਤੇ

ਸਮਾਰਟ ਟੈਕਨੋਲੋਜੀ ਨਾਲ Industry ਦੇ ਖੇਤਰ ਵਿੱਚ ਭਾਰੀ ਤਬਦੀਲੀ ਲਿਆਂਦੀ ਜਾ ਸਕਦੀ ਹੈ। ਪੰਜਾਬ ਦੇ ਨੌਜਵਾਨਾ ਨੂੰ ਰੋਜਗਾਰ ਦੇਣ ਲਈ ਪਾਰਟੀ ਵਿਸ਼ੇਸ਼ ਪ੍ਰੋਗਰਾਮ ਉਲੀਕੇਗੀ। ਆਰਥਿਕ ਮਾਹਿਰਾਂ ਅਨੁਸਾਰ ਪੰਜਾਬ ਦੀ

**<u>ਆਰਥਿਕਤਾ ਨੂੰ ਮੁੜ ਲੀਹ ਤੇ ਲਿਆਉਣ ਲਈ ਹੇਠ ਦਿੱਤੇ ਆਰਥਿਕ ਸੁਧਾਰ ਲਾਗੂ ਕਰਨੇ ਜ਼ਰੂਰੀ ਹੋਣਗੇ-:</u>**

੧. ਪੰਜਾਬ ਦੇ ਵਪਾਰਕ ਅਤੇ ਆਰਥਿਕਤਾ ਦੇ ਮਸਲਿਆਂ ਨੂੰ ਹੱਲ ਕਰਾਉਣ ਲਈ ਅਕਾਲੀ ਦਲ ਸੰਘਰਸ਼ ਵਿੱਢੇਗਾ ਅਤੇ ਪੰਜਾਬ ਦੇ ਆਰਥਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਵਾਹਗਾ-ਅਟਾਰੀ, ਹੁਸੈਨੀਵਾਲਾ ਅਤੇ ਸੁਲੇਮਾਨੀ, ਫਾਜ਼ਲਕਾ ਦੇ ਬਾਰਡਰ ਵਪਾਰ ਲਈ ਖੁਲਵਾਉਣ ਲਈ ਹਰ ਹੀਲਾ ਵਰਤਣ ਲਈ ਵਚਨਬੱਧ ਹੈ। ਜਿਹਨਾਂ ਵਸਤਾਂ ਦਾ ਸਮੁੰਦਰ ਰਾਹੀਂ ਵਪਾਰ ਕਰਦੇ ਹਾਂ ਉਹਨਾਂ ਸਾਰੀਆਂ ਵਸਤਾਂ ਨੂੰ ਸੜਕ/ ਰੇਲ ਰਾਹੀਂ ਵਪਾਰ ਕਰਨ ਲਈ ਸਰਕਾਰ ਤੋਂ ਲੋੜੀਂਦੀਆਂ ਮਨਜ਼ੂਰੀਆਂ ਦਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਰਹੇਗਾ ਤਾਂ ਜੋ ਸੜਕੀ ਸਾਧਨਾਂ ਰਾਹੀਂ ਪੰਜਾਬ ਦੇ ਵਪਾਰੀਆਂ ਨੂੰ ਆਰਥਿਕ ਲਾਭ ਹੋ ਸਕੇ।

੨. ਪੰਜਾਬ ਵਿੱਚ ਨਿਵੇਸ਼ ਵਧਾਉਣ ਲਈ ਸਾਜ਼ਗਾਰ ਮਹੌਲ ਪੈਦਾ ਕਰਨਾ ਅਤੇ ਪੁਖਤਾ ਉਦਯੋਗਕ ਵਿਕਾਸ ਕਾਰਜਾਂ ਲਈ ਨੀਤੀ ਬਨਾਉਣੀ ਤੇ ਲਾਗੂ ਕਰਨੀ। ਸਬਜ਼ੀਆਂ, ਦਾਲਾਂ ਅਤੇ ਹੋਰ **Cash Crop** ਤੇ **Minimum Price Guarantee** ਦਿੱਤੀ ਜਾਵੇਗੀ। ਸਮੁੱਚੇ ਪੇਂਡੂ ਖੇਤਰ ਦੀ ਉਨਤੀ ਲਈ ਪੇਂਡੂ ਖੇਤਰਾਂ ਵਿੱਚ ਸਹਾਇਕ ਧੰਦਿਆਂ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਣਗੇ।

੩. ਕੇਂਦਰ ਦੁਆਰਾ ਲਾਏ ਜਾਣ ਵਾਲੇ ਉਪ-ਕਰ ਅਤੇ ਕਰ-ਉਪਰ-ਕਰ (Cess and Surcharge)ਜੋ ਕਾਫੀ ਵੱਡੀ ਰਾਸ਼ੀ ਬਣਦੀ ਹੈ, ਰਾਜਾਂ ਨੂੰ ਦਿਤੀ ਜਾਣ ਵਾਲੀ ਵੰਡਣਯੋਗ ਵਿੱਤੀ ਰਾਸ਼ੀ (Divisible-Pool) ਵਿੱਚ ਨਹੀਂ ਪਾਏ ਜਾਂਦੇ। ਅਕਾਲੀ ਦਲ ਦੂਜੇ ਪ੍ਰਾਂਤਾਂ ਨਾਲ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਮਿਲ ਕੇ ਇਸ ਰਾਸ਼ੀ ਨੂੰ Divisible-Pool ਵਿੱਚ ਸਾਮਲ ਕਰਵਾਉਣ ਲਈ ਯਤਨ ਕਰੇਗਾ ਤਾਂ ਕਿ ਰਾਜਾਂ ਨੂੰ ਹੋਰ ਵਿੱਤੀ ਰਾਸ਼ੀ ਮਿਲ ਸਕੇ।

੪. ਪੰਜਾਬ ਵਿੱਚ ਜਿਹੜੇ ਉਦਯੋਗ ਜਿਆਦਾ ਕਾਮਿਆਂ ਤੇ ਆਧਾਰਿਤ ਹੋਣਗੇ ਉਹਨਾਂ ਨੂੰ ਵਿਸ਼ੇਸ਼ ਤੌਰ ਤੇ ਉਤਸ਼ਾਹਿਤ ਕੀਤਾ ਜਾਵੇਗਾ।

5. ਨਵੇਂ ਕਾਰੋਬਾਰ ਸਥਾਪਿਤ ਕਰਨ ਲਈ **ਸਿੰਗਲ ਵਿੰਡੋ ਸਿਸਟਮ** ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇਗਾ। ਪੰਜਾਬ ਵਿੱਚ **ਫੂਡ ਪ੍ਰੋਸੈਸਿੰਗ ਪਾਰਕ** ਸਥਾਪਿਤ ਕਰਨ ਲਈ ਲੋਕਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਉਹਨਾਂ ਨੂੰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣਗੀਆਂ।

੬. ਪੰਜਾਬ ਵਿੱਚ work culture ਨੂੰ ਪਰਮੋਟ ਕਰਨ ਲਈ ਅਤੇ respectable ਉੱਜਰਤਾ ਫਿਕਸ ਕਰਾਉਣਾਂ ਸ਼੍ਰੋਮਣੀ ਅਕਾਲੀ ਦਲ ਦਾ ਟੀਚਾ ਹੋਵੇਗਾ। **"ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ"** ਦੇ ਸਿਧਾਂਤਾਂ ਤੇ ਅਮਲੀ ਰੂਪ ਵਿੱਚ ਅਕਾਲੀ ਦਲ ਪਹਿਰਾ ਦੇਵੇਗਾ।

੭. ਪੰਜਾਬ ਵਿੱਚ ਜਨਤਕ ਜੀਵਨ ਨੂੰ ਸੁਖਾਲਾ ਅਤੇ ਸੁਥਰਾ ਬਣਾਉਣ ਲਈ, ਰਿਸ਼ਵਤਖੋਰੀ ਖਤਮ ਕਰਨ ਲਈ ਅਤੇ ਲਾਲ ਫੀਤਾ ਸ਼ਾਹੀ ਨੂੰ ਦੂਰ ਕਰਨ ਲਈ ਰਾਜਸੀ ਅਤੇ ਪ੍ਰਸ਼ਾਸਨਿਕ ਸਿਸਟਮ ਵਿੱਚ ਸੁਧਾਰ ਲਿਆਂਦੇ ਜਾਣਗੇ। ਰਿਸ਼ਵਤਖੋਰੀ ਅਤੇ ਜਨਤਕ ਵਿਕਾਸ ਕਾਰਜਾਂ ਵਿੱਚ ਹੋ ਰਹੀ ਘਪਲੇਬਾਜੀ ਨੂੰ ਠੱਲ ਪਾਉਣ ਲਈ ਸਖਤ ਕਾਨੂੰਨ ਬਣਾ ਕੇ ਲਾਗੂ ਕੀਤੇ ਜਾਣਗੇ ਅਤੇ ਅਫਸਰਸ਼ਾਹੀ ਦੀ ਜਵਾਬਦੇਹੀ ਨਿਸਚਿਤ ਕੀਤੀ ਜਾਵੇਗੀ। ਇਸ ਸਬੰਧੀ **ਰਾਈਟ ਟੂ ਸਰਵਿਸ ਐਕਟ** ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇਗਾ।

**ਕਾਨੂੰਨ ਅਤੇ ਪ੍ਰਸ਼ਾਸ਼ਨਿਕ ਵਿਵਸਥਾ ਨੂੰ ਪਾਰਦਰਸ਼ੀ ਬਣਾਇਆ ਜਾਵੇਗਾ।**

੮. (I) ਐਨ.ਆਰ.ਆਈਜ਼ ਦੇ ਜਾਇਦਾਦਾਂ ਅਤੇ ਹੋਰ ਮੈਟਰੋਮੋਨੀਅਲ ਝਗੜਿਆਂ ਨੂੰ ਹੱਲ ਕਰਾਉਣ ਲਈ ਅਕਾਲੀ ਦਲ ਇੱਕ ਅਲੱਗ ਕਮੀਸ਼ਨ ਸਥਾਪਿਤ ਕਰੇਗਾ, ਜਿਸ ਨੂੰ **Quasy Judicial** ਸ਼ਕਤੀਆਂ ਦਿੱਤੀਆਂ ਜਾਣਗੀਆਂ ਤਾਂ ਜੋ ਐਨ.ਆਰ.ਆਈਜ਼ ਨਾਲ ਸੰਬੰਧਿਤ ਝਗੜਿਆਂ ਦਾ ਜਲਦੀ ਤੋਂ ਜਲਦੀ ਨਿਪਟਾਰਾ ਹੋ ਸਕੇ। ਪੰਜਾਬ ਦੀ ਆਰਥਿਕ ਉੱਨਤੀ ਵਿੱਚ ਐਨ.ਆਰ.ਆਈਜ਼ ਵੱਲੋਂ ਆਪਣਾ ਹਿੱਸਾ ਪਾਉਣ ਲਈ ਢੁਕਵਾਂ ਮਾਹੌਲ ਪੈਦਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ। ਪੰਜਾਬ ਦੇ ਹਿਤਾਂ ਨੂੰ ਮੁੱਖ ਰੱਖਦੇ ਹੋਏ ਐਨ.ਆਰ.ਆਈਜ਼ ਨੂੰ ਪਾਰਟੀ ਜਥੇਬੰਦੀ ਵਿੱਚ ਯੋਗ ਨੁਮਾਇੰਦਗੀ ਦੇਵੇਗਾ। ਅਕਾਲੀ ਦਲ ਕੇਂਦਰ ਸਰਕਾਰ ਤੋਂ ਐਨ.ਆਰ.ਆਈਜ਼ ਵਾਸਤੇ **ਡੂਅਲ ਸਿਟੀਜਨਸ਼ਿਪ** ਲਈ ਮੰਗ ਕਰੇਗਾ। ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ, ਗਤੀਵਿਧੀਆਂ ਅਤੇ ਪੰਜਾਬ ਵਾਸਤੇ ਕੀਤੇ ਜਾਣ ਵਾਲੇ ਉਪਰਾਲਿਆਂ ਨੂੰ ਸਹੂਲਤ ਦੇਣ ਲਈ ਅਲੱਗ ਪੋਰਟਲ ਦੀ ਵਿਵਸਥਾ ਕੀਤੀ ਜਾਵੇਗੀ।

9. ਪੰਜਾਬ ਦੇ ਲੋਕਾਂ ਨੂੰ ਸਮੇਂ ਸਿਰ ਇਨਸਾਫ ਦਵਾਉਣ ਲਈ ਲੋਕਪਾਲ ਦੀ ਸੰਸਥਾ ਸਥਾਪਿਤ ਕੀਤੀ ਜਾਵੇਗੀ। ਪੰਜਾਬ ਵਿੱਚ ਕਈ ਦਹਾਕਿਆਂ ਤੋਂ ਹੋਈਆਂ ਵਧੀਕੀਆਂ ਅਤੇ ਤਸ਼ੱਦਦ ਦੀ ਜਾਂਚ ਕਰਨ ਲਈ **Truth Commission** ਸਥਾਪਿਤ ਕੀਤਾ ਜਾਵੇਗਾ ਤਾਂ ਜੋ ਆਮ ਲੋਕਾਂ ਨਾਲ ਹੋਈਆਂ ਵਧੀਕੀਆਂ ਅਤੇ ਜ਼ੁਲਮਾਂ ਦਾ ਇਨਸਾਫ ਦਵਾਇਆ ਜਾ ਸਕੇ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

10. ਭਾਰਤ ਦੇ ਕੁੱਝ ਪੂਰਬੀ ਪ੍ਰਾਂਤ ਅਤੇ ਆਰਥਿਕ ਤੌਰ ਤੇ ਪਛੜੇ ਹੋਏ ਰਾਜ ਭਾਰਤ ਸਰਕਾਰ ਵੱਲੋਂ **ਸਪੈਸ਼ਲ ਕੈਟਾਗਰੀ** ਦੇ ਪ੍ਰਾਂਤਾਂ ਵਿੱਚ ਸ਼ਾਮਿਲ ਕੀਤੇ ਗਏ ਹਨ। ਇੰਡਸਟਰੀ ਅਤੇ ਵਪਾਰ ਘੱਟ ਹੋਣ ਕਾਰਨ ਇਹਨਾਂ ਰਾਜਾਂ ਨੂੰ ਕੇਂਦਰ ਵੱਲੋਂ ਵਿਸ਼ੇਸ਼ ਸਹਾਇਤਾ ਦਿੱਤੀ ਜਾਂਦੀ ਹੈ। ਪੰਜਾਬ ਇੱਕ ਸਰਹੱਦੀ ਸੂਬਾ ਹੈ। ਜਿਸ ਕਾਰਨ ਪੰਜਾਬ ਵਿੱਚ ਅੱਜ ਤੱਕ ਕੋਈ ਵੀ ਵੱਡੀ ਇੰਡਸਟਰੀ ਸਥਾਪਿਤ ਨਹੀਂ ਹੋਈ। ਇਸੇ ਤਰ੍ਹਾਂ ਕੰਢੀ ਅਤੇ ਪਹਾੜੀ ਇਲਾਕੇ ਦੀ ਖੇਤੀਬਾੜੀ ਲਈ ਜਮੀਨ ਉਪਜਾਊ ਨਹੀਂ ਹੈ। ਸ਼੍ਰੋਮਣੀ ਅਕਾਲੀ ਦਲ ਕੇਂਦਰ ਨੂੰ ਦਬਾਅ ਪਾਵੇਗਾ ਕਿ ਪੰਜਾਬ ਰਾਜ ਨੂੰ ਵੀ **ਸਪੈਸ਼ਲ ਕੈਟਾਗਰੀ ਦੇ ਪ੍ਰਾਤਾਂ ਵਿੱਚ ਸ਼ਾਮਿਲ ਕੀਤਾ** ਜਾਵੇ ਅਤੇ ਉੱਪਰਲੇ ਰਾਜਾਂ ਵਾਂਗ ਵਿਸ਼ੇਸ਼ ਆਰਥਿਕ ਪੈਕੇਜ ਦਿੱਤੇ ਜਾਣ।

11. ਭਾਰਤ ਸਰਕਾਰ ਨੂੰ ਅੰਮ੍ਰਿਤਸਰ ਸਾਹਿਬ, ਮੁਹਾਲੀ ਅਤੇ ਹਲਵਾਰਾ ਦੇ ਹਵਾਈ ਅੱਡਿਆਂ ਨੂੰ ਡਰਾਈ-**ਪੋਰਟਸ ਘੋਸ਼ਿਤ ਕਰਵਾਏਗਾ** ਅਤੇ **ਕਾਰਗੋ ਵਿਵਸਥਾ ਸਥਾਪਿਤ** ਕੀਤੀ ਜਾਵੇਗੀ ਤਾਂ ਜੋ ਇਹਨਾਂ ਅੰਤਰਰਾਸ਼ਟਰੀ ਹਵਾਈ ਅੱਡਿਆਂ ਤੋਂ ਏਸ਼ੀਆ, ਯੂਰੋਪ ਅਤੇ ਹੋਰ ਦੇਸ਼ਾਂ ਨੂੰ ਪੰਜਾਬ ਵਿੱਚ ਪੈਦਾ ਕੀਤੀਆਂ/ਬਣਾਈਆਂ ਗਈਆਂ ਵਸਤਾਂ Export ਕੀਤੀਆਂ ਜਾ ਸਕਣ ਅਤੇ ਇਹਨਾਂ ਹਵਾਈ ਅੱਡਿਆਂ ਦੇ ਅੰਤਰਰਾਸ਼ਟਰੀ ਉਡਾਣਾ ਚਲਵਾਉਣ ਲਈ ਉਪਰਾਲੇ ਕਰੇਗਾ।

12. **ਪੰਜਾਬ ਦੀ ਆਰਥਿਕ ਤਰੱਕੀ ਅਤੇ ਵਿਕਾਸ** ਲਈ ਸ਼੍ਰੋਮਣੀ ਅਕਾਲੀ ਦਲ ਇੱਕ, " **Punjab Development & Welfare Commission** ਦੀ ਸਥਾਪਨਾ ਕਰੇਗਾ ਜੋ ਕਿ ਪੰਜਾਬ ਦੀ ਆਰਥਿਕਤਾ ਨੂੰ ਮਜਬੂਤ ਕਰਨ ਹਿੱਤ ਅਤੇ ਪੰਜਾਬ ਦੀ ਤਰੱਕੀ ਵਾਸਤੇ ਅਹਿਮ ਸੁਝਾਅ ਦੇਵੇਗੀ। ਇਸ ਵਿੱਚ ਮੁੱਖ ਤੌਰ ਤੇ ਪ੍ਰਸਿੱਧ ਅਰਥ ਸ਼ਾਸ਼ਤਰੀ, ਵਿਦਵਾਨ ਅਤੇ ਵੱਖ-ਵੱਖ ਖੇਤਰਾਂ ਦੇ ਮਾਹਰ ਸ਼ਾਮਿਲ ਕੀਤੇ ਜਾਣਗੇ।

13. ਆਰਥਿਕ ਮਾਹਰਾਂ ਅਨੁਸਾਰ ਪੰਜਾਬ ਵਿੱਚ ਗੈਰ ਕਾਨੂੰਨੀ ਮਾਈਨਿੰਗ ਬਹੁਤ ਵੱਡੇ ਪੱਧਰ ਤੇ ਰਾਜਨੀਤਿਕ ਨੇਤਾਵਾਂ ਅਤੇ ਅਫਸਰਸ਼ਾਹੀ ਨਾਲ ਮਿਲ ਕੇ ਹੋ ਰਹੀ ਹੈ। ਸਾਲ 2023-24 ਦੇ ਅੰਕੜੇ ਅਨੁਸਾਰ ਪੰਜਾਬ ਨੂੰ ਮਾਈਨਿੰਗ ਤੋਂ 288.75 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਹੋਇਆ ਜਦੋਂ ਕਿ ਮਾਈਨਿੰਗ ਤੋਂ ਪੰਜਾਬ ਹਰ ਸਾਲ ਕਈ ਹਜ਼ਾਰ ਕਰੋੜ ਰੁਪਏ ਤੋਂ ਵੱਧ ਰੈਵੇਨਿਊ ਪ੍ਰਾਪਤ ਕਰ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਮਾਈਨਿੰਗ ਸਬੰਧੀ ਇੱਕ ਠੋਸ ਨੀਤੀ ਲਿਆਵੇਗਾ ਜਿਸ ਨਾਲ ਕਿਸਾਨਾਂ ਦਾ ਆਰਥਿਕ ਫਾਇਦਾ ਹੋਵੇਗਾ ਅਤੇ ਸਰਕਾਰ ਦੇ ਰੈਵੇਨਿਊ ਵਿੱਚ ਵੀ ਵਾਧਾ ਹੋਵੇਗਾ। ਅਕਾਲੀ ਦਲ ਪੰਜਾਬ ਵਿੱਚ ਮਾਈਨਿੰਗ ਨਾਲ ਸਬੰਧਿਤ ਕਿਸਾਨਾਂ ਦੀ ਸਹਿਮਤੀ ਨਾਲ ਪਾਰਦਰਸ਼ਕ ਮਾਈਨਿੰਗ ਪਾਲਿਸੀ ਨਿਸਚਿਤ ਕਰੇਗਾ।

14. ਸਾਲ 2024-25 ਵਿੱਚ ਪੰਜਾਬ ਨੂੰ ਐਕਸਾਈਜ਼ ਡਿਊਟੀਜ ਤੋਂ 10,200 ਕਰੋੜ ਰੁਪਏ ਪ੍ਰਾਪਤ ਹੋਏ ਜਦੋਂ ਕਿ ਪੰਜਾਬ ਦੀ ਵਸੋਂ ਦੇ ਬਰਾਬਰ ਕੇਰਲਾ ਦੇ ਪ੍ਰਾਂਤ ਨੂੰ 19,730 ਕਰੋੜ ਰੁਪਏ ਪ੍ਰਾਪਤ ਹੋਏ। ਅਕਾਲੀ ਦਲ ਐਕਸਾਈਜ਼ ਦੀ ਪਾਲਿਸੀ ਨੂੰ ਦਰੁਸਤ ਕਰਕੇ ਇਸ ਵਿੱਚ ਹੋ ਰਹੇ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾ ਕੇ ਐਕਸਾਈਜ਼ ਵਿਭਾਗ ਤੋਂ ਅਸਲ ਬਣਦਾ ਰੈਵੇਨਿਊ ਪ੍ਰਾਪਤ ਕਰਨ ਲਈ ਹਰ ਸੰਭਵ ਯਤਨ ਕਰੇਗਾ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

15. ਆਰਥਿਕ ਮਾਹਰਾਂ ਅਨੁਸਾਰ ਪੰਜਾਬ ਵਿੱਚ ਲੰਬੇ ਸਮੇਂ ਤੋਂ Deficit Budget ਪੇਸ਼ ਹੋ ਰਹੇ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਹਰ ਸਾਲ ਹਜ਼ਾਰਾਂ ਕਰੋੜਾਂ ਦੇ ਕਰਜੇ ਦਾ ਵਾਧਾ ਹੋ ਰਿਹਾ ਹੈ।ਇਸ ਦਾ ਇੱਕ ਪ੍ਰਮੁੱਖ ਕਾਰਨ ਪੰਜਾਬ ਵਿੱਚ ਰਾਜਸੀ ਨੇਤਾ ਅਤੇ ਅਫਸਰਸ਼ਾਹੀ ਨਾਲ ਮਿਲ ਕੇ Revenue ਦੀ ਚੋਰੀ ਹੈ। ਮਾਹਿਰਾਂ ਅਨੁਸਾਰ Revenue ਦੀਆਂ ਚੋਰ ਮੋਰੀਆਂ ਨੂੰ ਬੰਦ ਕਰਕੇ ਟੈਕਸਾਂ ਦੀ ਇਮਾਨਦਾਰੀ ਨਾਲ ਇਕੱਤਰਤਾ ਕੀਤੀ ਜਾਵੇ ਤਾਂ 25 ਹਜਾਰ ਤੋਂ 30 ਹਜਾਰ ਕਰੋੜ ਰੁਪਏ ਤੱਕ ਪੰਜਾਬ ਦੇ ਲਈ ਸਲਾਨਾ Revenue ਵਿੱਚ ਵਾਧਾ ਹੋ ਸਕਦਾ ਹੈ। ਅਕਾਲੀ ਦਲ ਆਰਥਿਕ ਮਾਹਰਾਂ ਦੀ ਰਾਏ ਲੈ ਕੇ ਪੰਜਾਬ ਵਿੱਚ Revenue ਵਧਾਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗਾ।

16. ਮਨਰੇਗਾ ਸਕੀਮ ਪੇਂਡੂ ਖੇਤਰ ਵਿੱਚ ਗਰੀਬ ਸਮਾਜ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀ ਗਈ ਸੀ। ਪ੍ਰੰਤੂ ਮੌਜੂਦਾ ਕੇਂਦਰ ਸਰਕਾਰ ਵੱਲੋਂ ਇਸ ਵਿੱਚ ਤਰਮੀਮ ਕਰ ਦਿੱਤੀ ਗਈ ਹੈ, ਜਿਸ ਨਾਲ ਪ੍ਰਾਂਤਕ ਸਰਕਾਰਾਂ ਤੇ ਵੱਧ ਵਿੱਤੀ ਬੋਝ ਪਵੇਗਾ। ਪਹਿਲਾਂ ਪ੍ਰਾਂਤਕ ਸਰਕਾਰਾਂ ਦਾ ਵਿਤੀ ਹਿੱਸਾ 10% ਸੀ ਹੁਣ ਇਹ ਵਧਾ ਕੇ 40% ਕਰ ਦਿੱਤਾ ਗਿਆ ਹੈ। ਅਕਾਲੀ ਦਲ ਪੁਰਾਣੀ ਮਨਰੇਗਾ ਸਕੀਮ ਦੁਬਾਰਾ ਲਾਗੂ ਕਰਾਉਣ ਲਈ ਯਤਨਸ਼ੀਲ ਹੋਵੇਗਾ ਤਾਂ ਜੋ ਗਰੀਬ ਸਮਾਜ ਨੂੰ ਰੋਜਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਾਪਤ ਹੋ ਸਕਣ ਅਤੇ ਪ੍ਰਾਂਤਾਂ ਦੇ ਲੋੜ ਤੋਂ ਜਿਆਦਾ ਵਿਤੀ ਬੋਝ ਪੈਣ ਨਾਲ ਸਕੀਮ ਅਸਫਲ ਨਾਂ ਹੋ ਜਾਵੇ।

## ਸਿਹਤ ਅਤੇ ਵਿੱਦਿਆ ਦਾ ਦ੍ਰਿਸ਼ਟੀਕੋਣ (Vision)

੧. ਪੰਜਾਬ ਵਿੱਚ **ਸਿਹਤ ਨਾਲ ਸੰਬੰਧਿਤ** ਇਲਾਜ ਲੋਕਾਂ ਦੀ ਵਿੱਤੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀਆਂ ਖਾਲੀ ਆਸਾਮੀਆਂ ਅਤੇ ਦਵਾਈਆਂ ਦੀ ਘਾਟ ਹੋਣ ਕਾਰਨ ਸਿਹਤ ਸੇਵਾਵਾਂ ਵਿੱਚ ਭਾਰੀ ਗਿਰਾਵਟ ਆਈ ਹੈ। ਸ਼੍ਰੋਮਣੀ ਅਕਾਲੀ ਦਲ ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀਆਂ ਅਸਾਮੀਆਂ ਨੂੰ ਭਰੇਗਾ, ਲੋੜੀਂਦੀਆਂ ਦਵਾਈਆਂ ਆਮ ਲੋਕਾਂ ਲਈ ਮੁਹਈਆ ਕਰਵਾਈਆਂ ਜਾਣਗੀਆਂ ਤਾਂ ਜੋ ਗਰੀਬ ਅਤੇ ਆਮ ਲੋਕਾਂ ਨੂੰ ਯੋਗ ਸਿਹਤ ਸੇਵਾਵਾਂ ਦਿੱਤੀਆਂ ਜਾ ਸਕਣ। ਹਰ ਜ਼ਿਲ੍ਹੇ ਵਿੱਚ ਉੱਚ ਮਿਆਰੀ ਹਸਪਤਾਲ ਸਥਿਪਤ ਕੀਤੇ ਜਾਣਗੇ।

੨. ਪੰਜਾਬ ਵਿੱਚ ਗਰੀਬ ਬੱਚਿਆਂ ਅਤੇ **ਆਰਥਿਕ ਤੌਰ ਤੇ ਕਮਜ਼ੋਰ ਨੌਜਵਾਨਾਂ ਨੂੰ ਮਿਆਰੀ ਵਿੱਦਿਆ** ਦਵਾਉਣਾ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਮੁੱਖ ਟੀਚਾ ਹੋਵੇਗਾ। ਇਹਨਾਂ ਕਾਰਜਾਂ ਦੀ ਪੂਰਤੀ ਲਈ ਅਕਾਲੀ ਦਲ Skill Development Centre ਅਤੇ Competitive Exams ਦੀ ਕੋਚਿੰਗ ਲਈ ਵਿਸ਼ੇਸ਼ ਪ੍ਰਬੰਧ ਕਰਵਾਉਣ ਲਈ ਵਚਨਬੱਧ ਹੋਵੇਗਾ।

੩. ਸਿੱਖਾਂ ਅਤੇ ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਅਲੱਗ ਅਲੱਗ ਯੂਨੀਵਰਸਿਟੀਆਂ, ਵਪਾਰਕ, ਸਾਇੰਸ ਅਤੇ ਮੈਡੀਕਲ ਅਤੇ ਹੋਰ ਖੇਤਰਾਂ ਵਿਚ ਪੰਜਾਬ ਅਤੇ ਕੌਮ ਦਾ ਨਾਂ ਰੌਸ਼ਨ ਕੀਤਾ ਹੈ। ਉਹਨਾਂ ਨਾਮਵਰ ਸਖਸ਼ੀਅਤਾਂ ਦੀ ਅਕਾਲੀ ਦਲ Directory ਤਿਆਰ ਕਰਾਏਗਾ ਅਤੇ ਇਹਨਾਂ ਸਖਸ਼ੀਅਤਾਂ ਨੂੰ ਵੱਖ-ਵੱਖ ਇਤਿਹਾਸਕ ਮੌਕਿਆਂ ਤੇ ਸਨਮਾਨਿਤ ਵੀ ਕਰੇਗਾ ਤਾਂ ਜੋ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਪੰਜਾਬ ਦੇ ਅਜਿਹੇ ਸਪੂਤਾਂ ਬਾਰੇ ਪੰਜਾਬ ਦੇ ਲੋਕਾਂ ਨੂੰ ਅਤੇ ਵਿੱਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਜਾ ਸਕੇ।

੪. ਨੌਜਵਾਨਾਂ ਦੀ ਸਖਸ਼ੀਅਤ ਵਿੱਚ ਬਹੁਪੱਖੀ ਵਿਕਾਸ ਕਰਨ ਲਈ ਖੇਡਾਂ ਅਤੇ ਕਸਰਤ ਦਾ ਬਹੁਤ ਅਹਿਮ ਯੋਗਦਾਨ ਹੈ। ਖੇਡਾਂ ਇੱਕ ਪਾਸੇ ਵਿਦਿਆਰਥੀ ਜੀਵਨ ਵਿੱਚ ਤੰਦਰੁਸਤੀ ਅਤੇ ਫੁਰਤੀ ਲਿਆਉਂਦੀਆਂ ਹਨ ਪਰ ਦੂਸਰੇ ਪਾਸੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਸਹਾਇਕ ਹੁੰਦੀਆਂ ਹਨ। ਅਕਾਲੀ ਦਲ ਪਿੰਡਾਂ ਅਤੇ ਕਸਬਿਆਂ ਵਿੱਚ ਵੱਧ ਤੋਂ ਵੱਧ ਜਿਮ ਅਤੇ ਖੇਡ ਮੈਦਾਨ/ ਸਹੂਲਤਾਂ ਸਥਾਪਿਤ ਕਰੇਗਾ ਅਤੇ ਵਿਦਿਅਕ ਸੰਸਥਾਵਾਂ ਵਿੱਚ ਖੇਡਾਂ ਲਈ ਜ਼ਰੂਰੀ ਸਮਾਨ ਉਪਲੱਬਧ ਕਰਵਾਏਗਾ।

੫. ਅਕਾਲੀ ਦਲ ਹਰ ਹਾਲਤ ਵਿੱਚ **ਪੰਜਾਬੀ ਨੂੰ ਪਹਿਲ ਦੀ ਨੀਤੀ** ਅਨੁਸਾਰ ਲਾਗੂ ਕਰਵਾਏਗਾ। ਅਕਾਲੀ ਦਲ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਵਿਕਾਸ ਨੂੰ ਪ੍ਰਮੋਟ ਕਰਨ ਲਈ ਹਰ ਸੰਭਵ ਵਸੀਲੇ ਵਰਤੇਗਾ। ਪਿਛਲੇ ਤਕਰੀਬਨ 2000 ਸਾਲ ਤੋਂ ਪਹਿਲਾਂ ਪੰਜਾਬੀ ਜ਼ੁਬਾਨ ਜਮਰੌਦ ਦੇ ਕਿਲੇ ਤੋਂ ਲੈ ਕੇ ਦਿੱਲੀ ਤੱਕ ਅਤੇ ਕਸ਼ਮੀਰ ਤੋਂ ਲੈ ਕੇ ਕਰਾਚੀ ਤੱਕ ਬੋਲੀ ਜਾਂਦੀ ਰਹੀ ਹੈ ਅਤੇ ਹੁਣ ਪੰਜਾਬੀ ਬੋਲੀ ਨੂੰ ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਪਬਲਿਕ ਦਫਤਰਾਂ ਵਿੱਚ ਕਾਰਜਸ਼ੈਲੀ ਦੀ ਹਿੱਸਾ ਬਣਾਇਆ ਗਿਆ ਹੈ। ਅਕਾਲੀ ਦਲ ਗੁਆਂਢੀ ਰਾਜਾਂ ਵਿੱਚ ਪੰਜਾਬੀ ਬੋਲੀ ਨੂੰ ਦੂਸਰੀ ਭਾਸ਼ਾ ਦਾ ਦਰਜਾ ਦਵਾਉਣ ਅਤੇ ਬਣਦਾ ਮਾਨ-ਸਨਮਾਨ ਦਵਾਉਣ ਵਾਸਤੇ ਵਚਨਬੱਧ ਹੈ।

## ਸਮਾਜਿਕ ਨਿਆਇਕ ਦ੍ਰਿਸ਼ਟੀਕੋਣ (Vision)

### (ੳ) SC/ST/BC ਅਤੇ ਪੰਜਾਬ ਦੇ ਅੱਤ ਗਰੀਬ ਸਮਾਜ ਲਈ

1. SC ਵਰਗ ਨੂੰ ਰਾਜਸੀ ਤੌਰ ਤੇ ਸੰਵਿਧਾਨਿਕ ਨੁਮਾਇੰਦਗੀ ਦੇਣ ਦਾ ਪ੍ਰਬੰਧ ਹੈ। ਅਕਾਲੀ ਦਲ Backward Class ਵਰਗ ਦੇ ਹਿੱਤਾਂ ਦੀ ਪਾਰਟੀ ਪੱਧਰ ਤੇ ਵਿਸ਼ੇਸ਼ ਰੂਪ ਵਿੱਚ ਨੁਮਾਇੰਦਗੀ ਦੇਣ ਲਈ ਪਾਬੰਦ ਹੋਵੇਗਾ ਅਤੇ ਇਸੇ ਤਰ੍ਹਾਂ SC ਵਰਗ, Backward Class (BC) ਵਰਗ ਨੌਜਵਾਨਾਂ, ਇਸਤਰੀ ਵਰਗ ਅਤੇ ਹੋਰ ਸਮਾਜ ਦੇ ਅਣਗੌਲੇ ਵਰਗਾਂ ਨੂੰ **ਵਿਧਾਨ ਸਭਾ, ਲੋਕ ਸਭਾ ਅਤੇ ਪਾਰਟੀ ਦੇ ਹਰ ਪਲੇਟਫਾਰਮ** ਤੇ ਯੋਗ ਨੁਮਾਇੰਦਗੀ ਦਿੱਤੀ ਜਾਵੇਗੀ।

2. ਪੰਜਾਬ ਦੇ SC/BC ਅਤੇ ਵੱਖ ਵੱਖ ਵਰਗਾਂ ਦੇ ਅੱਤ ਦੀ ਗਰੀਬੀ ਹੰਢਾ ਰਹੇ ਸਮਾਜ ਨੂੰ ਉੱਚਾ ਚੁੱਕਣ ਲਈ ਚੱਲ ਰਹੀਆਂ ਸਰਕਾਰੀ ਭਲਾਈ ਯੋਜਨਾਵਾਂ (ਬੁਢਾਪਾ, ਵਿਧਵਾ, ਅੰਗਹੀਣ ਅਤੇ ਯਤੀਮ ਪੈਨਸ਼ਨਰਾਂ ਲਈ ਅਤੇ ਘਰਾਂ ਲਈ ਲੋੜੀਂਦੀ ਧਰਤੀ ਦਾ ਪ੍ਰਬੰਧ ਕਰਕੇ ਘਰਾਂ ਨੂੰ ਉਸਾਰਨ ਲਈ ਰਾਸ਼ੀ ਦਾ ਪ੍ਰਬੰਧ ਕਰਨਾ) ਆਦਿ ਭਲਾਈ ਸਕੀਮਾਂ ਵਿੱਚ ਤਰੁੱਟੀਆਂ ਦੂਰ ਕਰਕੇ ਸਮੇਂ ਦੀ ਲੋੜ ਅਨੁਸਾਰ ਯੋਜਨਾਬੱਧ ਤਰੀਕੇ ਨਾਲ ਰਾਸ਼ੀ ਵਿੱਚ ਵਾਧਾ ਕਰਨ ਅਤੇ ਪਾਰਦਰਸ਼ਕਤਾ ਨਾਲ ਲਾਗੂ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ ਤਾਂ ਜੋ ਗਰੀਬ ਲੋਕਾਂ ਦੀ ਭਲਾਈ ਲਈ ਇਹਨਾਂ ਸਕੀਮਾਂ ਦਾ ਲਾਭ ਪੰਜਾਬ ਦੇ ਗਰੀਬ ਸਮਾਜ ਨੂੰ ਪ੍ਰਾਪਤ ਹੋ ਸਕੇ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

3. ਵਿੱਦਿਆ ਦੇ ਖੇਤਰ ਵਿੱਚ ਗਰੀਬ ਬੱਚਿਆਂ ਦੀ ਪੜ੍ਹਾਈ ਲਈ ਸਰਕਾਰ ਵੱਲੋਂ ਜੋ ਰਾਸ਼ੀ ਦਿੱਤੀ ਜਾਂਦੀ ਹੈ, ਉਸ ਰਾਸ਼ੀ ਨੂੰ ਸਹੀ ਲੋੜਵੰਦ ਵਿਦਿਆਰਥੀਆਂ ਲਈ ਵਰਤਣਯੋਗ ਅਤੇ ਸਮੇਂ ਸਿਰ ਕੇਂਦਰ ਤੋਂ ਲੈ ਕੇ ਵਿੱਦਿਅਕ ਅਦਾਰਿਆਂ ਨੂੰ ਪਹੁੰਚਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਰਹੇਗਾ ਤਾਂ ਕਿ ਗਰੀਬ ਬੱਚਿਆਂ ਦੀ ਪੜ੍ਹਾਈ ਤੇ ਅਸਰ ਨਾ ਪਵੇ।
4. ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਰੁਜ਼ਗਾਰ ਦੇਣ ਲਈ ਸਰਕਾਰੀ ਗਰੰਟੀ ਤੇ ਵਿਆਜ ਰਹਿਤ ਲੋਨ ਉਪਲਬਧ ਕਰਾਉਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਮੁੱਖ ਟੀਚਾ ਹੋਵੇਗਾ।
5. ਪੰਜਾਬ ਦੇ ਸਰਕਾਰੀ ਅਰਧ-ਸਰਕਾਰੀ ਜਾਂ ਪ੍ਰਾਈਵੇਟ ਉਦਯੋਗਾਂ ਅਤੇ ਕਾਰੋਬਾਰਾਂ ਵਿੱਚ (skilled/ unskilled) ਲੇਬਰ ਸਿਰਫ ਪੰਜਾਬ ਦੀ ਹੀ ਹੋਵੇ। ਇਸ ਗੱਲ ਨੂੰ ਯਕੀਨੀ ਬਣਾਉਣ ਸਬੰਧੀ ਨੀਤੀਆਂ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।
6. ਸਿੱਖਾਂ, ਹਿੰਦੂ ਭਾਈਚਾਰੇ, ਹੋਰ ਘੱਟ ਗਿਣਤੀ ਭਾਈਚਾਰੇ ਅਤੇ ਪੰਜਾਬ ਦੇ ਹਰ ਵਰਗ ਦੀ ਸੁਰੱਖਿਆ ਸ਼੍ਰੋਮਣੀ ਅਕਾਲੀ ਦਲ ਦਾ ਟੀਚਾ ਹੋਵੇਗਾ। ਘੱਟ ਗਿਣਤੀ ਭਾਈਚਾਰੇ ਅਤੇ ਪੰਜਾਬ ਦੇ SC/ST ਪੱਛੜੇ ਵਰਗਾਂ ਨੂੰ ਅਕਾਲੀ ਦਲ ਪਾਰਟੀ ਜਥੇਬੰਦੀ ਅਤੇ ਸਰਕਾਰ ਵਿੱਚ ਯੋਗ ਨੁਮਾਇੰਦਗੀ ਦੇਵੇਗਾ
7. ਗਰੀਬ ਸਮਾਜ ਦੀਆਂ ਔਰਤਾਂ ਲਈ ਸਿਲਾਈ-ਕਢਾਈ, ਦੁੱਧ ਉਤਪਾਦਕ ਜਾਂ ਹੋਰ ਸਹਾਇਕ ਧੰਦਿਆਂ ਵਿੱਚ ਸਵੈ-ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

### (ਅ) ਨੌਜਵਾਨਾਂ ਲਈ

1. ਪੰਜਾਬ ਵਿੱਚ ਤਕਰੀਬਨ 425 ਤੋਂ ਜਿਆਦਾ **ਸੁਵਿਧਾ ਕੇਂਦਰ** ਸਥਾਪਿਤ ਕੀਤੇ ਗਏ ਹਨ। ਪ੍ਰੰਤੂ ਇਹ ਸਰਕਾਰੀ ਸੰਸਥਾਵਾਂ ਨੂੰ **ਪ੍ਰਾਈਵੇਟ ਕੰਪਨੀਆਂ ਨੂੰ ਲੀਜ਼** ਤੇ ਦਿੱਤੇ ਗਏ ਹਨ, ਜਿਸ ਨਾਲ ਸਰਕਾਰ ਨੂੰ ਬਹੁਤ ਘੱਟ ਰੈਵੇਨਿਊ ਪ੍ਰਾਪਤ ਹੁੰਦਾ ਹੈ, ਜਦੋਂ ਕਿ ਸਰਵਿਸ ਪ੍ਰੋਵਾਈਡਰ ਕੰਪਨੀਆਂ 80% ਤੋਂ ਉੱਪਰ ਅਸਿੱਧੇ ਤੌਰ ਤੇ ਮੁਨਾਫਾ ਕਮਾ ਰਹੀਆਂ ਹਨ। ਜਿਸ ਨਾਲ ਸਰਕਾਰ ਦੇ ਖਜ਼ਾਨੇ ਦਾ ਭਾਰੀ ਨੁਕਸਾਨ ਹੋ ਰਿਹਾ ਹੈ। ਅਕਾਲੀ ਦਲ ਇਹਨਾਂ ਸੁਵਿਧਾ ਕੇਂਦਰਾਂ ਤੇ **ਪੰਜਾਬ ਦੇ ਨੌਜਵਾਨਾਂ** ਨੂੰ ਨਿਯੁਕਤ ਕਰੇਗਾ ਤਾਂ ਜੋ ਪੰਜਾਬ ਨੂੰ ਵੱਧ ਮਾਲੀਆ ਪ੍ਰਾਪਤ ਹੋ ਸਕੇ, ਪੰਜਾਬ ਦੇ ਲੋਕਾਂ ਨੂੰ ਰੋਜ਼ਗਾਰ ਮਿਲ ਸਕੇ ਅਤੇ ਲੋਕਾਂ ਨੂੰ ਘੱਟ ਰੇਟ ਤੇ ਸੁਵਿਧਾਵਾਂ ਉਪਲਬਧ ਹੋ ਸਕਣ।
੨. **ਖੇਤੀ ਉਤਪਾਦਨ** ਅਤੇ **ਲਘੂ ਉਦਯੋਗਾਂ** ਵਿੱਚ **ਪ੍ਰੋਸੈਸਿੰਗ** ਰਾਹੀਂ ਨੌਜਵਾਨਾਂ ਅਤੇ ਔਰਤਾਂ ਦੇ ਸਵੈ ਰੋਜ਼ਗਾਰ ਅਤੇ ਕਿਸਾਨਾਂ ਲਈ ਆਮਦਨ ਦੇ ਮੌਕੇ ਪੈਦਾ ਕਰੇਗਾ। ਇਸ ਵਿੱਚ ਸਹਿਕਾਰਤਾ ਨੂੰ ਬੜ੍ਹਾਵਾ ਦੇਣਾ ਮੁੱਖ ਯਤਨ ਹੋਣਗੇ।
੩. ਜਨਤਕ ਸਿਹਤ ਅਤੇ ਸਿੱਖਿਆ ਦੇ ਖੇਤਰ ਵਿੱਚ ਸਰਕਾਰੀ ਸਹੂਲਤਾਂ ਵਿੱਚ ਵਾਧਾ ਕਰਵਾਉਣਾ ਅਤੇ ਵੱਡੇ ਪੱਧਰ ਤੇ ਖਾਲੀ ਪਈਆਂ ਅਸਾਮੀਆਂ ਨੂੰ ਪਹਿਲ ਦੇ ਆਧਾਰ ਤੇ ਭਰਨਾ।

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

4. ਅਕਾਲੀ ਦਲ ਹਰ ਸੰਭਵ ਯਤਨ ਕਰੇਗਾ ਕਿ ਨੌਜਵਾਨਾਂ ਨੂੰ ਪੰਜਾਬ ਸਰਕਾਰ(ਇੰਡਸਟਰੀ ਵਿਭਾਗ) ਅਤੇ ਬੈਕਾਂ ਵੱਲੋਂ ਸਸਤੇ ਰੇਟਾਂ ਤੇ ਕਰਜੇ ਦਿੱਤੇ ਜਾਣ ਅਤੇ ਵਿਆਜ ਨੂੰ ਰਾਜ ਸਰਕਾਰ ਵੱਲੋ ਰਿਆਇਤ ਦੇ ਰੂਪ ਵਿੱਚ (Subventing) ਕੀਤਾ ਜਾਵੇਗਾ ਤਾਂ ਜੋ ਉਹ ਆਪਣਾ ਕਾਰੋਬਾਰ ਸ਼ੁਰੂ ਕਰ ਸਕਣ ਅਤੇ MSME ਸਥਾਪਿਤ ਕਰ ਸਕਣ।
5. ਆਧੁਨਿਕ ਖੇਤੀਬਾੜੀ ਦੇ ਕਾਰਜਾਂ ਨੂੰ ਉਤਸ਼ਾਹਿਤ ਕਰਨ ਲਈ, ਸ਼੍ਰੋਮਣੀ ਅਕਾਲੀ ਦਲ **Agro Techlologies, Agro Processiog, Agri Exports, Digital technology ਅਤੇ Artificial Intelligence** ਤੇ ਜ਼ਿਆਦਾ ਧਿਆਨ ਦੇਵੇਗਾ। ਮੱਧ ਵਰਗ, ਪਿਛੜਿਆ ਵਰਗ, ਪੇਂਡੂ ਨੌਜਵਾਨਾਂ, ਕਿਰਤੀਆਂ, ਛੋਟੇ ਕਾਸ਼ਤਕਾਰਾਂ ਅਤੇ ਔਰਤਾਂ ਲਈ ਉੱਦਮੀ ਹੁਨਰ ਸਿਖਾਉਣ ਦਾ ਪ੍ਰਬੰਧ ਕਰੇਗਾ ਅਤੇ Start Ups ਨੂੰ ਹਰ ਪੱਖੋਂ ਉਤਸ਼ਾਹਿਤ ਕਰੇਗਾ।

੬. ਪੰਜਾਬ ਵਿੱਚ ਛੋਟੇ ਕਾਰਜਾਂ ਨੂੰ ਦੂਸਰੇ ਰਾਜਾਂ ਤੋਂ ਪ੍ਰਵਾਸ ਕਰਕੇ ਆਏ ਲੋਕਾਂ ਨੇ ਅਪਣਾ ਲਿਆ ਹੈ। ਜਿਸ ਕਾਰਨ ਪੰਜਾਬ ਦੀ demography ਵਿੱਚ ਵੱਡੀ ਤਬਦੀਲੀ ਆਈ ਹੈ। ਅਕਾਲੀ ਦਲ ਨੌਜਵਾਨ, ਮਜ਼ਦੂਰ, ਬੀਬੀਆਂ ਅਤੇ ਪੱਛੜੇ ਵਰਗ ਦੇ ਲੋਕਾਂ ਨੂੰ ਟ੍ਰੇਨਿੰਗ ਦੇ ਕੇ ਉਪਰੋਕਤ ਛੋਟੇ ਕਾਰੋਬਾਰਾਂ ਲਈ ਪੰਜਾਬ ਵਿੱਚ ਸਾਜ਼ਗਾਰ ਮਾਹੌਲ ਸਿਰਜੇਗਾ।

7. ਨਸ਼ਾ ਤਸਕਰੀ ਅਤੇ ਗੈਂਗਸਟਰਵਾਦ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਤਬਾਹ ਹੋ ਰਹੀ ਹੈ। ਅਕਾਲੀ ਦਲ ਇਹਨਾਂ ਨੂੰ ਰੋਕਣ ਲਈ ਹਰ ਸੰਭਵ ਵਸੀਲੇ ਵਰਤੇਗਾ।
8. **ਪਾਰਦਰਸ਼ਕ ਟਰਾਂਸਪੋਰਟ ਨੀਤੀ** ਨਿਸ਼ਚਿਤ ਕੀਤੀ ਜਾਵੇਗੀ ਜਿਸ ਨਾਲ ਵੱਡੇ ਪ੍ਰਾਈਵੇਟ ਓਪਰੇਟਰਾਂ ਅਤੇ ਕੁੱਝ ਵੱਡੇ ਪਰਿਵਾਰਾਂ ਦੀ ਅਜ਼ਾਰੇਦਾਰੀ ਖਤਮ ਕੀਤੀ ਜਾਵੇਗੀ। ਬੇਰੁਜ਼ਗਾਰ ਨੌਜਵਾਨਾਂ ਨੂੰ ਟਰਾਂਸਪੋਰਟ ਨਾਲ ਸਬੰਧਿਤ ਪਰਮਿਟ/ਰੂਟ ਆਦਿ ਦਿੱਤੇ ਜਾਣਗੇ ਤਾਂ ਜੋ ਬੇਰੁਜ਼ਗਾਰੀ ਨੂੰ ਘਟਾਇਆ ਜਾ ਸਕੇ।
9. ਪਿਛਲੇ ਲੰਮੇ ਸਮੇਂ ਤੋਂ ਪੰਜਾਬ ਨੌਜਵਾਨਾਂ ਦੀ **ਲੀਡਰਸ਼ਿਪ** ਵਿੱਚ ਬਹੁਤ ਘਾਟ/ਕਮੀ ਆਈ ਹੈ ਕਿਉਂਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਅਤੇ ਸਹਿਕਾਰੀ ਅਦਾਰਿਆਂ ਆਦਿ ਦੀਆਂ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ। ਪੰਜਾਬ ਵਿੱਚ ਨੌਜਵਾਨ ਲੀਡਰਸ਼ਿਪ ਨੂੰ ਉਤਸ਼ਾਹਿਤ ਕਰਨ ਲਈ ਇਹਨਾਂ ਅਦਾਰਿਆਂ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ ਅਤੇ ਪੰਚਾਇਤੀ ਰਾਜ ਨੂੰ ਮਜਬੂਤ ਕੀਤਾ ਜਾਵੇਗਾ।
10. ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਤੇ ਵਿਦੇਸ਼ਾਂ ਵਿੱਚ ਪੰਜਾਬ ਤੋਂ ਗਏ ਬੱਚਿਆਂ ਨੂੰ ਸਹੀ ਮਾਰਗ ਦਰਸ਼ਨ ਕਰਨ ਲਈ ਵਿਦੇਸ਼ ਮੰਤਰਾਲਿਆ ਨੂੰ **ਗਾਈਡ** ਨਿਯੁਕਤ ਕਰਨ ਲਈ ਬੇਨਤੀ ਕੀਤੀ ਜਾਵੇਗੀ।

### (ੲ) ਔਰਤਾਂ ਲਈ

1. ਪੰਜਾਬ ਵਿੱਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਰਾਜਨੀਤਿਕ ਪਾਰਟੀਆਂ ਅਤੇ ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ **ਨੀਯਤਾਂ ਅਤੇ ਨੀਤੀਆਂ** ਸਦਕਾ ਪੰਜਾਬੀ ਔਰਤ ਆਰਥਿਕ,

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਸਮਾਜਿਕ ਅਤੇ ਰਾਜਨੀਤਿਕ ਤੌਰ ਤੇ ਪਛੜ ਗਈ ਹੈ। ਸ਼੍ਰੋਮਣੀ ਅਕਾਲੀ ਦਲ ਵਚਨਵੱਧਤਾ ਪ੍ਰਗਟਾਉਂਦਾ ਹੈ ਕਿ ਇਸ ਦੀਆਂ ਨੀਤੀਆਂ ਪੰਜਾਬ ਦੀ ਮਹਿਲਾ ਵਰਗ, ਅਨੂਸੂਚਿਤ ਜਾਤੀਆਂ ਅਤੇ ਹੋਰ ਕਮਜ਼ੋਰ ਵਰਗਾਂ ਨੂੰ ਆਸ਼ਰਿਤ ਵਰਗ ਬਣਾਉਣ ਦੀ ਬਜਾਏ ਪੜ੍ਹਾਈ, ਸਕਿਲ ਡਿਵੈਲਪਮੈਂਟ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪੱਧਰ ਤੇ ਬਰਾਬਰ ਦੇ ਮੌਕੇ ਦੇਣ ਦੇ ਹਾਲਾਤ ਪੈਦਾ ਕਰੇਗਾ।

2. ਪਾਰਟੀ ਵਿੱਚ ਔਰਤਾਂ ਨੂੰ ਰਾਜਨੀਤਿਕ ਪੱਧਰ ਤੇ ਅੱਗੇ ਲਿਆਉਣ ਲਈ ਸ਼੍ਰੋਮਣੀ ਅਕਾਲੀ ਦਲ ਵੱਡੇ ਉਪਰਾਲੇ ਕਰੇਗਾ ਤਾਂ ਜੋ ਰਾਜਨੀਤਿਕ ਸ਼ਕਤੀ ਨੂੰ ਔਰਤਾਂ ਪੂਰਨ ਵਿਸ਼ਵਾਸ ਨਾਲ ਆਜ਼ਾਦਾਨਾ ਤੌਰ ਤੇ ਵਰਤ ਸਕਣ ਅਤੇ ਸਮਾਜ ਨੂੰ ਸੇਧ ਦੇ ਸਕਣ।

3. **ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣਾ** ਸ਼੍ਰੋਮਣੀ ਅਕਾਲੀ ਦਲ ਦਾ ਪ੍ਰਮੁੱਖ ਟੀਚਾ ਹੋਵੇਗਾ। ਅਕਾਲੀ ਦਲ ਅਜਿਹਾ ਸਮਾਜਿਕ ਵਾਤਾਵਰਨ ਅਤੇ ਕਾਨੂੰਨ ਵਿਵਸਥਾ ਤਿਆਰ ਕਰਨ ਦੇ ਹੱਕ ਵਿੱਚ ਹੈ, ਜਿਸ ਵਿੱਚ ਔਰਤਾਂ ਰਾਤ ਸਮੇਂ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ। ਕੰਮ ਕਾਜੀ ਥਾਵਾਂ ਤੇ ਔਰਤਾਂ ਦੀ ਸੁਰੱਖਿਆ ਦਾ ਯੋਗ ਪ੍ਰਬੰਧ ਕਰਨਾ ਅਤੇ ਔਰਤਾਂ ਦੀ ਸੁਰੱਖਿਆ ਲਈ ਬਣਾਏ ਗਏ ਕਾਨੂੰਨਾਂ ਨੂੰ ਮਜਬੂਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

4. ਅਕਾਲੀ ਦਲ **ਪੰਜਾਬ ਮਹਿਲਾ ਕਮਿਸ਼ਨ** ਅਤੇ **ਮਹਿਲਾ ਪੁਲਿਸ ਥਾਣਿਆਂ** ਨੂੰ ਹੋਰ ਆਜ਼ਾਦਾਨਾ ਅਤੇ ਸ਼ਕਤੀਸ਼ਾਲੀ ਰੁਤਬਾ ਦੇਵੇਗਾ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ **ਫੈਮਿਲੀ ਅਦਾਲਤਾਂ** ਦੀ ਗਿਣਤੀ ਵਧਾ ਕੇ ਨਿਆਇਕ ਪ੍ਰਣਾਲੀ ਨੂੰ ਹੋਰ ਮਜਬੂਤ ਕਰੇਗਾ।

5. ਸਰਕਾਰ ਆਉਣ ਤੇ ਸ਼੍ਰੋਮਣੀ ਅਕਾਲੀ ਦਲ **Gender Friendly** ਬਜਟ ਪਾਸ ਕਰਵਾਵੇਗਾ ਤਾਂ ਜੋ ਔਰਤਾਂ ਦੇ ਆਰਥਿਕ ਅਤੇ ਸਮਾਜਿਕ ਵਿਕਾਸ ਲਈ ਸਰਕਾਰੀ ਬਜਟਾਂ ਵਿੱਚ **ਵਿਸ਼ੇਸ਼ ਪ੍ਰੋਵੀਜ਼ਨ** ਕੀਤੇ ਜਾ ਸਕਣ।

6. ਔਰਤਾਂ ਲਈ ਚੱਲ ਰਹੀਆਂ ਭਲਾਈ ਸਕੀਮਾਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਅਤੇ ਸਮੇਂ ਅਨੁਸਾਰ ਉਹਨਾਂ ਵਿੱਚ ਵਾਧਾ ਅਤੇ ਵਿਸਥਾਰ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

### (ਸ) ਘੱਟ ਗਿਣਤੀਆਂ ਲਈ

੧. ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ ਰਿਹਾ ਹੈ ਤੇ ਰਹੇਗਾ

੨. ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਵੱਸਦੀਆ ਘੱਟ ਗਿਣਤੀਆਂ (ਹਿੰਦੂ , ਮੁਸਲਿਮ , ਈਸਾਈ ਆਦਿ )ਦੀ ਧਾਰਮਿਕ ਆਜ਼ਾਦੀ ,ਉਹਨਾਂ ਦੇ ਧਾਰਮਿਕ ਗ੍ਰੰਥਾਂ ਅਤੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਅਤੇ ਭੈ-ਰਹਿਤ ਜੀਵਨ ਬਸ਼ਰ ਕਰਵਾਉਣ ਲਈ ਵਚਨਬੱਧ ਰਹੇਗਾ

੩. ਘੱਟ ਗਿਣਤੀ ਭਾਈਚਾਰੇ ਦੀ ਵਿਦਿਆ , ਇਲਾਜ਼ ਅਤੇ ਰੁਜ਼ਗਾਰ ਦੇ ਮਾਮਲਿਆ ਵਿੱਚ ਵੀ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਉਹਨਾਂ ਦੇ ਹੱਕ ਹਕੂਕ ਦੀ ਰਾਖੀ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਰਹੇਗਾ

੪. ਛੋਟੇ ਸਾਹਿਬਜਾਦਿਆ ਦੀ ਸ਼ਹਾਦਤ ਸਮੇ ਮਲੇਰਕੋਟਲਾ ਦੇ ਨਵਾਬ ਵਲੋ ਮਾਰੇ ਹਾਅ ਦੇ ਨਾਅਰੇ ਨੇ ਸੰਸਾਰ ਪੱਧਰ ਤੇ ਧਾਰਮਿਕ ਭਾਈਚਾਰਕ ਸਾਂਝ ਦਾ ਇਕ ਵਿਲੱਖਣ ਇਤਿਹਾਸ ਸਿਰਜਿਆ ਹੈ। ਇਸ ਘੱਟ ਗਿਣਤੀ ਵਾਲੇ ਇਤਿਹਾਸਕ ਸ਼ਹਿਰ ਮਲੇਰਕੋਟਲੇ ਨੂੰ ਵਿਰਾਸਤੀ ਸ਼ਹਿਰ ਦਾ ਦਰਜ਼ਾ ਦੇਣ ਅਤੇ ਵਿਕਸਿਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਵਚਨਬੱਧ ਹੈ।

### (ਹ) ਮੁਲਾਜ਼ਮਾਂ ਲਈ

ਪੰਜਾਬ ਦੇ ਸਰਕਾਰੀ ਕਰਮਚਾਰੀ ਲੰਮੇ ਸਮੇਂ ਤੋਂ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਆ ਰਹੇ ਹਨ। ਕੁੱਝ ਦਹਾਕੇ ਪਹਿਲਾਂ ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀਆਂ ਦੇ ਗਰੇਡ ਹਿੰਦੁਸਤਾਨ ਦੇ ਦੂਜੇ ਰਾਜਾਂ ਅਤੇ ਕੇਂਦਰ ਸਰਕਾਰ ਤੋਂ ਵੀ ਉਚੇਰੇ ਹੁੰਦੇ ਸਨ। ਆਰਥਿਕ ਤੌਰ ਤੇ ਪੱਛੜਨ ਕਾਰਨ ਪੰਜਾਬ ਦੀਆਂ ਸਰਕਾਰਾਂ ਆਪਣੇ ਕਰਮਚਾਰੀਆਂ ਨੂੰ ਨਾਂ ਤਾਂ ਬਣਦੇ ਗ੍ਰੇਡ ਦੇ ਰਹੀਆਂ ਹਨ ਅਤੇ ਨਾਂ ਹੀ ਬਣਦੇ ਭੱਤਿਆਂ ਦੀ ਅਦਾਇਗੀ ਹੋ ਰਹੀ ਹੈ। ਇਸੇ ਤਰ੍ਹਾਂ ਪੰਜਾਬ ਦੇ ਪੈਨਸ਼ਨਰਾਂ ਨਾਲ ਵੀ ਵਿਤਕਰਾ ਹੋ ਰਿਹਾ ਹੈ। ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਦੇ ਸਲਾਹ ਨਾਲ ਉਨ੍ਹਾਂ ਦੇ ਨੁਮਾਇੰਦੇ ਵਿੱਚ ਸ਼ਾਮਲ ਕਰਕੇ ਇੱਕ ਮੁਲਾਜ਼ਮ ਵੈਲਫੇਅਰ ਬਾਰਡ ਬਣਾਇਆ ਜਾਵੇਗਾ ਜਿਸਦੀ ਰਾਇ ਨਾਲ, ਉਨਾਂ ਨੂੰ ਬਣਦੇ ਗ੍ਰੇਡ, ਭੱਤੇ ਅਤੇ ਹੋਰ ਤਰੱਕੀਆਂ ਦੇਣ ਲਈ ਵਚਨਬੱਧ ਹੋਵੇਗਾ। ਇਸੇ ਤਰ੍ਹਾਂ ਪ੍ਰਾਈਵੇਟ ਅਦਾਰਿਆਂ ਵਿੱਚ ਮੁਲਾਜ਼ਮਤ ਕਰ ਰਹੇ ਮੁਲਾਜ਼ਮਾਂ ਲਈ ਨਿਯਮ ਤਹਿ ਕੀਤੇ ਜਾਣਗੇ ਤਾਂ ਜੋ ਪ੍ਰਾਈਵੇਟ ਮੁਲਾਜ਼ਮਾਂ ਦੇ ਹੱਕਾਂ ਦੀ ਵੀ ਰਾਖੀ ਹੋ ਸਕੇ।

### ਵਾਤਾਵਰਣ ਸੰਬੰਧੀ ਦ੍ਰਿਸ਼ਟੀਕੋਣ (Vision)

1. ਪੰਜਾਬ ਦੀ **ਵਿਰਾਸਤ ਅਤੇ ਸੱਭਿਆਚਾਰ** ਨਾਲ ਜੁੜੇ **ਰੁੱਖਾਂ** ਨੂੰ ਪਿੰਡਾਂ ਅਤੇ ਸ਼ਹਿਰਾਂ ਵਿੱਚ ਲਗਾਉਣ ਲਈ ਅਕਾਲੀ ਦਲ ਵਿਸ਼ੇਸ਼ ਮੁਹਿੰਮ ਚਲਾਏਗਾ। ਪੰਜਾਬ ਦੇ ਸਮੂਹ ਸਕੂਲਾਂ, ਪ੍ਰਾਈਵੇਟ ਅਤੇ ਸਰਕਾਰੀ ਸੰਸਥਾਵਾਂ, ਇੰਡਸਟਰੀਆਂ ਅਤੇ ਹੋਰ ਪ੍ਰਾਈਵੇਟ ਅਦਾਰਿਆਂ ਵਿੱਚ ਇਹਨਾਂ ਰੁੱਖਾਂ ਨੂੰ ਲਗਾਉਣ ਲਈ ਅਕਾਲੀ ਦਲ ਸਰਕਾਰੀ ਨਰਸਰੀਆਂ ਤੋਂ ਫਰੀ ਪਨੀਰੀ ਪ੍ਰਦਾਨ ਕਰਨ ਲਈ ਵਚਨਬੱਧ ਹੈ

2. ਕਿਸੇ ਵੀ ਪ੍ਰਾਂਤ ਜਾਂ ਦੇਸ਼ ਦੀ ਤਰੱਕੀ **ਸਵੱਛ ਵਾਤਾਵਰਨ** ਤੋਂ ਬਿਨਾਂ ਸੰਭਵ ਨਹੀਂ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੇ ਵਾਤਾਵਰਨ ਵਿੱਚ ਬਹੁਤ ਵੱਡਾ ਨਿਘਾਰ ਆਇਆ ਹੈ। ਲਗਾਤਾਰ ਵਹੀਕਲਜ਼ ਵਿੱਚ ਵਾਧਾ ਹੋਣ ਕਾਰਨ, ਥਰਮਲ ਪਲਾਂਟਾਂ ਵਿੱਚ ਰੋਜ਼ ਲੱਖਾਂ ਟੱਨ ਕੋਲਾ ਬਲਣ ਕਾਰਨ, ਉਦਯੋਗ ਦੇ ਜ਼ਹਿਰੀਲੇ ਧੂੰਏਂ ਅਤੇ ਉਦਯੋਗ ਤੋਂ ਨਿੱਕਲੇ ਜ਼ਹਿਰੀਲੇ ਪਾਣੀ ਕਾਰਨ, ਪਲਾਸਟਿਕ, ਮੈਡਕਲ ਵੇਸਟ, ਅਤੇ **ਇੰਡਸਟਰੀਅਲ ਵੇਸਟ** ਦੇ ਕਾਰਨ, ਕਿਸਾਨਾਂ ਨੂੰ ਵਾਢੀ ਵੇਲੇ ਕੇਂਦਰ ਜਾਂ ਪ੍ਰਾਂਤਕ ਸਰਕਾਰ ਵੱਲੋਂ ਕੋਈ ਰਾਹਤ/ ਮੁਆਵਜਾ ਨਾ ਦੇਣ ਕਾਰਨ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੀ ਨਾੜ ਮਜਬੂਰਨ ਸਾੜਨ ਦੇ ਨਤੀਜੇ ਵਜੋਂ ਪੰਜਾਬ ਵਿੱਚ ਹਵਾ, ਪਾਣੀ ਅਤੇ ਧਰਤੀ ਦਾ ਵੱਡੇ ਪੱਧਰ ਤੇ ਪ੍ਰਦੂਸ਼ਣ ਫੈਲ ਰਿਹਾ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਹੈ ਅਤੇ ਪੰਜਾਬ ਵਿੱਚ ਗੰਭੀਰ ਬਿਮਾਰੀਆਂ ਫੈਲ ਰਹੀਆਂ ਹਨ। ਹਵਾ, ਪਾਣੀ ਅਤੇ ਧਰਤੀ ਵਿੱਚ ਫੈਲਾਏ ਜਾ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਸਥਾਪਿਤ ਏਜੰਸੀਆਂ ਅਤੇ ਮਹਿਕਮੇ ਨਾਂਕਾਮਯਾਬ ਅਤੇ ਅਸਮਰੱਥ ਹਨ।

3. ਖੇਤਾਂ ਵਿੱਚ ਵਰਤੇ ਜਾ ਰਹੇ **Pesticide ਅਤੇ Fertilizers** ਦੀ ਵੱਡੇ ਪੱਧਰ ਤੇ ਹੋ ਰਹੀ ਵਰਤੋਂ ਨਾਲ ਪੰਜਾਬ ਦੀ ਜ਼ਰਖੇਜ਼ ਧਰਤੀ ਜ਼ਹਿਰੀਲੀ ਬਣਦੀ ਜਾ ਰਹੀ ਹੈ। ਜਿਸਦਾ ਸਰਕਾਰ ਵੱਲੋਂ ਕੋਈ ਵੀ ਬਦਲ ਨਹੀਂ ਦਿੱਤਾ ਜਾ ਰਿਹਾ। ਨਤੀਜੇ ਵਜੋਂ ਪੰਜਾਬ ਦੇ ਲੋਕ ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਦਾ ਸਾਹਮਣਾ ਕਰ ਰਹੇ ਹਨ। ਅਕਾਲੀ ਦਲ ਇਸ ਅਹਿਮ ਮਸਲੇ ਤੇ ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਮਾਹਰਾਂ ਦੀ ਰਾਏ ਅਤੇ ਸਿਫਾਰਸ਼ਾ ਲੈਣ ਉਪਰੰਤ ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਲਈ ਹਰ ਠੋਸ ਕਦਮ ਚੁੱਕੇਗਾ ਤਾਂ ਜੋ ਪੰਜਾਬ ਦੇ ਪਾਉਣ ਪਾਣੀ ਨੂੰ ਆਉਣ ਵਾਲੀਆਂ ਨਸਲਾਂ ਵਾਸਤੇ ਸਾਫ ਅਤੇ ਸ਼ੁੱਧ ਰੱਖਿਆ ਜਾ ਸਕੇ।

4. ਦੇਸ਼ ਵਿੱਚ **ਅਵਾਰਾ ਕੁੱਤੇ ਅਤੇ ਅਵਾਰਾ ਪਸ਼ੂਆਂ** ਦੇ ਕਾਰਨ ਜਿੱਥੇ ਆਵਾਜਾਈ ਵਿੱਚ ਰੁਕਾਵਟ ਆਉਂਦੀ ਹੈ, ਉੱਥੇ ਅਵਾਰਾ ਕੁੱਤਿਆਂ ਦੇ ਵੱਢਣ ਨਾਲ ਲੋਕਾਂ ਦੇ ਵੱਡੇ ਪੱਧਰ ਤੇ ਜਾਨੀ ਨੁਕਸਾਨ ਹੋ ਰਹੇ ਹਨ। ਇਸੇ ਤਰ੍ਹਾਂ ਅਵਾਰਾ ਪਸ਼ੂਆਂ ਕਾਰਨ ਸੜਕਾਂ ਅਤੇ ਰਸਤਿਆਂ ਤੇ ਭਿਆਨਕ ਦੁਰਘਟਨਾਵਾਂ ਹੋ ਰਹੀਆਂ ਹਨ। ਇਹਨਾਂ ਮਸਲਿਆਂ ਸਬੰਧੀ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਿੱਚ ਕੇਸ ਵੀ ਚੱਲ ਰਹੇ ਹਨ। ਅਕਾਲੀ ਦਲ ਅਵਾਰਾ ਕੁੱਤਿਆਂ ਅਤੇ ਅਵਾਰਾ ਪਸ਼ੂਆਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਾਉਣ ਲਈ ਵਚਨਬੱਧ ਹੈ।

5. ਸਮੇਂ ਸਮੇਂ ਦੀਆਂ ਸਰਕਾਰਾਂ ਪੰਜਾਬ ਦੇ ਸ਼ਹਿਰਾਂ, ਪਿੰਡਾਂ ਅਤੇ ਕਸਬਿਆਂ ਵਿੱਚ **ਵੇਸਟ ਮੈਨੇਜਮੈਂਟ** ਦਾ ਪ੍ਰਬੰਧ ਸੁਚਾਰੂ ਰੂਪ ਵਿੱਚ ਕਰਨ ਵਿੱਚ ਅਸਫਲ ਰਹੀਆਂ ਹਨ। ਜਿਸ ਕਾਰਨ ਪ੍ਰਦੂਸ਼ਣ ਵੱਧ ਰਿਹਾ ਹੈ ਅਤੇ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ। ਅਕਾਲੀ ਦਲ ਵੇਸਟ ਮੈਨੇਜਮੈਂਟ ਦੇ ਸੰਬੰਧਿਤ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਲਵੇਗਾ ਅਤੇ ਪੰਜਾਬ ਨੂੰ ਕਲੀਨ ਅਤੇ ਗਰੀਨ ਬਣਾਉਣ ਲਈ ਹਰ ਹੀਲਾ ਵਸੀਲਾ ਵਰਤੇਗਾ।

6. ਪੰਜਾਬ ਵਿੱਚ ਪ੍ਰਮੁੱਖ ਤੌਰ ਤੇ ਝੋਨੇ ਅਤੇ ਕਣਕ ਦੀਆਂ ਫਸਲਾਂ ਹੁੰਦੀਆਂ ਹਨ ਅਤੇ ਝੋਨੇ ਦੀ ਬਜਾਈ ਕਾਰਨ ਧਰਤੀ ਤੇ ਲੋੜ ਤੋਂ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਜਿਸ ਨਾਲ ਪੰਜਾਬ ਵਿੱਚ ਧਰਤੀ ਦੇ ਪਾਣੀ ਦਾ ਲੈਵਲ ਬਹੁਤ ਥੱਲੇ ਜਾ ਚੁੱਕਾ ਹੈ। ਅਕਾਲੀ ਦਲ ਜਿੱਥੇ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰੇਗਾ ਉੱਥੇ ਰੇਨ ਹਾਰਵੈਸਟਿੰਗ ਦੀ ਪਾਲੀਸੀ ਨੂੰ ਅਪਣਾਏਗਾ ਅਤੇ ਪੰਜਾਬ ਦੇ ਹਰ ਖੇਤ ਅਤੇ ਘਰ ਵਿੱਚ ਰੇਨ ਹਾਰਵੈਸਟਿੰਗ ਕਰਵਾਉਣ ਦਾ ਪ੍ਰਬੰਧ ਕਰਵਾਏਗਾ।

7. ਪੰਜਾਬ ਦੀਆਂ ਕਈ **ਉਦਯੋਗਿਕ ਇਕਾਈਆਂ** ਜ਼ਮੀਨ ਵਿੱਚ **ਜਹਰੀਲਾ ਪਾਣੀ** ਵੀ ਪਾ ਰਹੀਆਂ ਹਨ, ਜਿਸ ਨਾਲ ਪੰਜਾਬ ਦੀ ਧਰਤੀ ਹੇਠਲਾ ਪਾਣੀ ਦਿਨੋ ਦਿਨ ਪ੍ਰਦੂਸ਼ਿਤ ਹੋ ਰਿਹਾ ਹੈ ਅਤੇ ਉਸਦਾ ਪੱਧਰ ਹੋਰ ਹੇਠਾਂ ਜਾ ਰਿਹਾ ਹੈ। ਅਕਾਲੀ ਦਲ ਇਸ ਸਬੰਧੀ ਸਖਤ ਤੋਂ

# ਐਲਾਨ-ਨਾਮਾ

## ਅਕਾਲੀ ਐਲਾਨ ਨਾਮਾ-2026

ਸਖਤ ਕਾਨੂੰਨ ਲਾਗੂ ਕਰੇਗਾ। ਪੰਜਾਬ ਵਿੱਚ ਸਰਕਾਰਾਂ ਕੁਦਰਤੀ ਪਾਣੀ ਦੇ ਸੋਮਿਆਂ ਅਤੇ ਵਾਟਰਵੇਸ ਦੀ ਸਫਾਈ ਕਰਾਉਣ ਵਿੱਚ ਵੀ ਅਸਫਲ ਰਹੀਆ ਹਨ। ਪੰਜਾਬ ਰਾਜ ਵੱਲੋਂ ਬਾਰਿਸ਼ ਦੇ ਪਾਣੀ ਨੂੰ ਰੈਗੂਲੇਟ ਕਰਨ ਲਈ 24 ਚੈੱਕ ਡੈਮ ਬਣਾਏ ਗਏ ਹਨ। ਲੇਕਿਨ ਕਿਸੇ ਵੀ ਸਰਕਾਰ ਨੇ ਭਾਖੜਾ ਡੈਮ ਸਮੇਤ ਇਹਨਾਂ ਡੈਮਾਂ ਦੀ Desilting ਨਹੀ ਕਰਵਾਈ। ਅਕਾਲੀ ਦਲ ਇਹਨਾਂ ਕਾਰਜਾਂ ਨੂੰ ਪਹਿਲ ਦੇ ਆਧਾਰ ਤੇ ਕਰਵਾਏਗਾ ਅਤੇ ਪੰਜਾਬ ਦੇ ਕੁਦਰਤੀ ਪਾਣੀ ਦੇ ਸੋਮਿਆਂ ਤੋਂ ਵੱਧ ਤੋਂ ਵੱਧ ਲਾਭ ਹਾਸਲ ਕਰਨ ਲਈ ਉਪਰਾਲੇ ਕਰੇਗਾ।

**ਸਮਾਪਤ**

**ਵਾਹਿਗੁਰੂ ਜਾ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਆਵਾਜ਼ਿ ਕੌਮ AWAZE QAUM
International Newspaper &
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243